ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਮੰਗਲਵਾਰ, 10 ਜੂਨ 2025 (ਨਾਨਕਸ਼ਾਹੀ ਸੰਮਤ : ੫੫੭, ੨੮ ਜੇਠ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

## ਬਾਦਲ ਦੀ ਕੋਠੀ ਅੱਗੇ

# 11 ਜੂਨ ਨੂੰ ਦਿੱਤਾ ਜਾਣ ਵਾਲਾ ਰੋਸ ਧਰਨਾ ਮੁਲਤਵੀ - ਸੰਤ ਹਰਨਾਮ ਸਿੰਘ ਜੀ ਖ਼ਾਲਸਾ

**ਚੌਂਕ ਮਹਿਤਾ 9 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਅਗਵਾਈ ਵਿਚ ਤਿੰਨ ਤਖ਼ਤ ਸਾਹਿਬਾਨ ਦੇ ਹਟਾਏ ਗਏ ਜਥੇਦਾਰਾਂ ਦੀ ਬਹਾਲੀ ਲਈ 11 ਜੂਨ ਤੋਂ ਪਿੰਡ ਬਾਦਲ ਪਹੁੰਚ ਕੇ

### ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਵੱਲੋਂ ਦਮਦਮੀ ਟਕਸਾਲ ਦੇ ਮੁਖੀ ਨਾਲ ਮੁਲਾਕਾਤ ਕਰਦਿਆਂ ਜਥੇਦਾਰਾਂ ਦੇ ਮਸਲੇ ਦਾ ਜਲਦੀ ਹੱਲ ਕੱਢੇ ਜਾਣ ਦੇ ਦਿੱਤੇ ਗਏ ਭਰੋਸੇ ਤੋਂ ਬਾਅਦ ਲਿਆ ਫ਼ੈਸਲਾ

ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਦੀ ਰਿਹਾਇਸ਼ 'ਤੇ ਗੁਰਬਾਣੀ ਦਾ ਜਾਪ ਕਰਕੇ ਦਿੱਤਾ ਜਾਣ ਵਾਲਾ ਰੋਸ ਧਰਨਾ ਮੁਲਤਵੀ ਕੀਤਾ ਗਿਆ ਹੈ। ਇਹ ਫ਼ੈਸਲਾ ਬਾਬਾ ਹਰਨਾਮ ਸਿੰਘ ਖ਼ਾਲਸਾ ਵੱਲੋਂ ਦਮਦਮੀ ਟਕਸਾਲ ਦੇ ਹੈੱਡ ਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਪਹੁੰਚੀ ਸ਼੍ਰੋਮਣੀ ਕਮੇਟੀ ਦੀ ਵਫ਼ਦ ਦੀ ਅਗਵਾਈ ਕਰ ਰਹੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਨੇੜੇ ਭਵਿਖ ਵਿਚ ਜਥੇਦਾਰ ਸਾਹਿਬਾਨ ਦੇ ਮਾਮਲੇ ਪ੍ਰਤੀ ਜਲਦ ਹੱਲ ਕੱਢਣ ਦੇ ਦਿੱਤੇ ਗਏ ਭਰੋਸੇ ਉਪਰੰਤ ਲਿਆ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

ਮਨ ਮਰਜ਼ੀ ਨਾਲ ਹਟਾਏ ਗਏ ਜਥੇਦਾਰਾਂ ਨੂੰ ਬਹਾਲ ਕਰਨ ਲਈ ਸ਼੍ਰੋਮਣੀ ਕਮੇਟੀ ਨੂੰ ਦਿੱਤੇ ਗਏ ਅਲਟੀਮੇਟਮ ਉਪਰੰਤ 27 ਅਪ੍ਰੈਲ ਨੂੰ ਲਏ ਗਏ ਫ਼ੈਸਲੇ ਮੁਤਾਬਕ ਸਿੱਖ ਜਥੇ ਪਿੰਡ ਬਾਦਲ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਜੀ ਬਾਦਲ ਦੇ ਘਰ ਅੱਗੇ ਰੋਸ ਧਰਨੇ ਦਾ ਐਲਾਨ ਕੀਤਾ ਸੀ।



ਕਿਉਂਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਿੱਖਾਂ ਦੇ ਮਸਲਿਆਂ ਨੂੰ ਬਿਨਾਂ ਦੇਰੀ ਤੋ ਸਾਰਿਆਂ ਦੀ ਰਾਏ ਲੈ ਕੇ ਤੁਰੰਤ ਹੱਲ ਕਰਨ ਦੇ ਵਿੱਚ ਆਪਣੀ ਭੂਮਿਕਾ ਨਿਭਾਉਣ। ਇਸ ਲਈ ਸਾਰਿਆਂ ਨੇ ਪ੍ਰੋਗਰਾਮ ਰੱਖਿਆ ਹੋਇਆ ਸੀ, ਕਿ 11 ਜੂਨ ਨੂੰ ਧਰਨਾ ਦਿੱਤਾ ਜਾਏਗਾ ਔਰ ਇਸ ਮਸਲੇ ਦੇ ਹੱਲ ਵਾਸਤੇ ਅਸੀਂ ਲੰਮਾ ਸੰਘਰਸ਼ ਕਰਨ ਲਈ ਤਿਆਰੀ ਕੀਤੀ ਹੋਈ ਸੀ। ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਅਤੇ ਉਹਨਾਂ ਦੇ ਨਾਲ ਆਈਆਂ ਹਸਤੀਆਂ ਨਾਲ ਮਿਲ ਬੈਠ ਕੇ ਵਿਚਾਰ ਕੀਤੀ ਹੈ, ਕਿ ਸਿੰਘ ਸਾਹਿਬਾਨਾਂ ਦੇ ਮਸਲੇ ਦਾ ਕਿਸੇ ਵੀ ਕਿਸੇ ਰੂਪ ਦੇ ਵਿੱਚ ਸਰਬ ਪ੍ਰਵਾਨਿਤ ਹੱਲ ਕੱਢ ਕੇ ਕੌਮ ਦੇ ਵਿੱਚ ਪਈ ਹੋਈ ਦੁਬਿਧਾ ਨੂੰ ਜਲਦੀ ਤੋਂ ਜਲਦੀ ਖ਼ਤਮ ਕਰਨ ਦਾ ਉਪਰਾਲਾ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਦੇ ਆਗੂਆਂ ਨੇ ਸਾਨੂੰ ਵਿਸ਼ਵਾਸ ਦਿਵਾਇਆ ਹੈ। ਇਸ ਵਿਸ਼ਵਾਸ ਦੇ ਤਹਿਤ ਮੈਂ ਸਮੁੱਚੀਆਂ ਸਿੱਖ ਸੰਗਤਾਂ ਨੂੰ ਵੀ ਔਰ ਸੰਤਾਂ ਮਹਾਂਪੁਰਖਾਂ, ਨਿਹੰਗ ਸਿੰਘ ਜਥੇਬੰਦੀ ਨੂੰ ਅਪੀਲ ਕਰਦਾ ਹਾਂ ਕਿ ਰੋਸ ਧਰਨਾ ਮੁਲਤਵੀ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਨੂੰ ਬੇਨਤੀ ਹੈ ਕਿ ਹਮੇਸ਼ਾ ਹੀ ਸਤਿਕਾਰ ਨਾਲ ਸਿੰਘ ਸਾਹਿਬਾਨਾਂ ਨੂੰ ਲਾਇਆ ਜਾਂਦਾ ਹੈ ਅਤੇ ਸਤਿਕਾਰ ਨਾਲ ਹੀ ਉਹਨਾਂ ਨੂੰ ਵਿਦਾਇਗੀ ਦਿੱਤੀ ਜਾਂਦੀ ਹੈ। ਇਸ ਲਈ ਸਮੁੱਚੀ ਕੌਮ ਦੀ ਭਾਵਨਾ ਨੂੰ ਮੱਦੇ ਨਜ਼ਰ ਰੱਖਦੇ ਹੋਏ ਇਹਦਾ ਹੱਲ ਜਲਦੀ ਤੋਂ ਜਲਦੀ ਜ਼ਰੂਰੀ ਕੱਢਿਆ ਜਾਣਾ ਚਾਹੀਦਾ ਹੈ। ਜਥੇਦਾਰ ਸਰਬ ਪ੍ਰਵਾਨਿਤ ਲਗਾਏ ਜਾਣੇ ਚਾਹੀਦੇ ਹਨ। ਸ਼੍ਰੋਮਣੀ ਕਮੇਟੀ ਨੇ ਸਮਾਂ ਮੰਗਿਆ ਹੈ। ਸਮਾਂ ਦੇਣਾ ਸਾਡਾ ਫ਼ਰਜ਼ ਹੈ। ਕਿਉਂਕਿ ਇਹ ਸੰਸਥਾ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਪ੍ਰਤੀਨਿਧ ਸੰਸਥਾ ਹੈ। ਇਹ ਵੱਡੀ ਸੰਸਥਾ ਸਾਡੇ ਕੋਲ ਚੱਲ ਕੇ ਆਈ ਹੈ। ਸਤਿਕਾਰਯੋਗ ਹਸਤੀਆਂ ਨੇ ਵੀ ਸਾਨੂੰ ਬੜੀ ਵਿਸ਼ਵਾਸ ਨਾਲ ਇਹ ਗੱਲ ਕਹੀ ਹੈ ਕਿ ਆਪਾਂ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਟਕਸਾਲ ਨਿਹੰਗ ਸਿੰਘ ਜਥੇਬੰਦੀਆਂ, ਸੰਤ ਸਮਾਜ ਵਿਚ ਆਪਸੀ ਟਕਰਾ ਨਹੀਂ ਬਣਨਾ ਚਾਹੀਦਾ। ਜਿਹੜੀਆਂ ਗੱਲਾਂ ਨਾਲ ਟਕਰਾਅ ਬਣਿਆ ਉਹਨਾਂ ਦਾ ਹੱਲ ਕਰਨ ਲਈ ਉਹਨਾਂ ਨੇ ਸਾਨੂੰ ਵਿਸ਼ਵਾਸ ਦਿਵਾਇਆ ਹੈ। ਅਸੀਂ ਵੀ ਆਸ ਕਰਦੇ ਹਾਂ ਕਿ ਜਲਦੀ ਤੋਂ ਜਲਦੀ ਮਸਲੇ ਦਾ ਹੱਲ ਕੱਢਿਆ ਜਾਵੇ।

ਯਾਦ ਰਹੇ ਕਿ ਪਿੰਡ ਬਾਦਲ 'ਚ ਰੋਸ ਧਰਨਾ ਦੇਣ ਦਾ ਫ਼ੈਸਲਾ ਸੰਤ ਸਮਾਜ ਦੇ ਪ੍ਰਧਾਨ ਅਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਅਗਵਾਈ ਵਿੱਚ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਦੇ ਚੋਣਵੇਂ ਮਹਾਂਪੁਰਖਾਂ ਦੀ ਦਮਦਮੀ ਟਕਸਾਲ ਦੇ ਹੈੱਡ ਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਚੌਂਕ ਵਿਖੇ 27 ਅਪ੍ਰੈਲ ਹੋਈ ਮੀਟਿੰਗ ਵਿਚ ਲਿਆ ਗਿਆ। ਇਸ ਮੌਕੇ ਹਾਜ਼ਰ ਸਮੂਹ ਸੰਤ ਮਹਾਂਪੁਰਖਾਂ, ਸਿੱਖ ਸੰਗਤਾਂ ਤੇ ਜਥੇਬੰਦੀਆਂ ਨੇ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਨੂੰ 15 ਅਪ੍ਰੈਲ ਤਕ ਬਹਾਲ ਕਰਨ ਪ੍ਰਤੀ ਸ਼੍ਰੋਮਣੀ ਕਮੇਟੀ ਵੱਲੋਂ ਸੰਤ ਸਮਾਜ ਨੂੰ ਦਿੱਤੇ ਗਏ ਭਰੋਸੇ ਨੂੰ ਪੂਰਾ ਨਾ ਕਰਨ ਲਈ ਸਖ਼ਤ ਆਲੋਚਨਾ ਕੀਤੀ ਤੇ ਭਾਰੀ ਰੋਸ ਪ੍ਰਗਟਾਇਆ ਸੀ। ਇਹ ਭਰੋਸਾ ਸ਼੍ਰੋਮਣੀ ਕਮੇਟੀ ਨੇ ਸੰਤ ਸਮਾਜ ਵੱਲੋਂ ਸ. ਤੇਜਾ ਸਿੰਘ ਸਮੁੰਦਰੀ ਹਾਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ 28 ਮਾਰਚ ਨੂੰ ਦਿੱਤੇ ਗਏ ਰੋਸ ਧਰਨੇ ਮੌਕੇ ਦਿੱਤਾ ਸੀ, ਜਦੋਂ ਕਿ ਤਖ਼ਤ ਸਾਹਿਬਾਨਾਂ ਦੇ ਜਥੇਦਾਰ ਸਿੰਘ ਗਿਆਨੀ ਰਘਬੀਰ ਸਿੰਘ, ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਅਤੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਉਹਨਾਂ ਦੇ ਅਹੁਦਿਆਂ ਉੱਪਰ ਬਹਾਲ ਕੀਤੇ ਜਾਣ ਦੀ ਸੰਗਤ ਨੇ ਮੰਗ ਕੀਤੀ ਸੀ। ਇਸ ਸਬੰਧੀ ਉਹਨਾਂ ਵੱਲੋਂ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਨੂੰ 15 ਅਪ੍ਰੈਲ ਤੱਕ ਦਾ ਸਮਾਂ ਦਿੱਤਾ ਗਿਆ ਸੀ । ਮੰਗ ਨਾ ਮੰਨੇ ਜਾਣ 'ਤੇ ਜੂਨ ਮਹੀਨੇ ਘੱਲੂਘਾਰਾ ਸਮਾਗਮਾਂ ਦੇ ਕਾਰਨ, ਪਹਿਲਾ ਜਥਾ 11 ਜੂਨ ਨੂੰ ਪਿੰਡ ਬਾਦਲ ਜਾਣਾ ਸੀ । ਜਦੋਂ ਕੇ ਜੁਲਾਈ ਮਹੀਨੇ ਤੋਂ ਹਰ ਮਹੀਨੇ ਪਹਿਲੇ ਐਤਵਾਰ ਜਥਾ ਜਾਇਆ ਕਰਨਾ ਸੀ ।

ਦਮਦਮੀ ਟਕਸਾਲ ਮੁਤਾਬਕ ਇਕ ਵਿਅਕਤੀ ਵਿਸ਼ੇਸ਼ ਵੱਲੋਂ ਹੰਕਾਰ ਅਤੇ ਜ਼ਿਦ ਪੁਗਾਉਣ ਲਈ ਸਿੱਖੀ ਸਿਧਾਂਤ ਨੂੰ ਢਾਹ ਲਾਉਣ ਲਈ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਈ 13 ਮਈ ਨੂੰ ਹੋਈ ਪੰਥਕ ਇਕੱਠ ਇਨ੍ਹਾਂ ਨਿਯੁਕਤੀਆਂ ਨੂੰ ਪਹਿਲਾਂ ਹੀ ਰੱਦ ਕਰ ਚੁੱਕੀ ਹੈ। ••




## ਗੁਰਦਾਸ ਮਾਨ ਨੂੰ ਵੱਡਾ ਸਦਮਾ, ਭਰਾ ਗੁਰਪੰਥ ਮਾਨ ਦਾ ਹੋਇਆ ਦਿਹਾਂਤ





**ਚੰਡੀਗੜ੍ਹ, 9 ਜੂਨ (ਆਵਾਜ਼ਿ ਕੌਮ ਬਿਊਰੋ)**-ਪੰਜਾਬੀ ਮਿਊਜ਼ਿਕ ਇੰਡਸਟਰੀ ਤੋਂ ਵੱਡੀ ਖਬਰ ਸਾਹਮਣੇ ਆ ਰਹੀ ਹੈ। ਪੰਜਾਬੀ ਮਸ਼ਹੂਰ ਗਾਇਕ ਗੁਰਦਾਸ ਮਾਨ ਨੂੰ ਵੱਡਾ ਸਦਮਾ ਲੱਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਗੁਰਦਾਸ ਮਾਨ ਦੇ ਭਰਾ ਗੁਰਪੰਥ ਮਾਨ ਦਾ ਦਿਹਾਂਤ ਹੋ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਉਨ੍ਹਾਂ ਦਾ ਦਿਹਾਂਤ ਚੰਡੀਗੜ੍ਹ ਵਿਚ ਹੋਇਆ ਦੱਸਿਆ ਜਾ ਰਿਹਾ ਹੈ। ਉਨ੍ਹਾਂ ਨੇ 73 ਸਾਲ ਦੀ ਉਮਰ ਵਿਚ ਆਖਰੀ ਸਾਹ ਲਏ।

## ਗਰਮੀ ਕੱਢ ਰਹੀ ਵੱਟ !

# ਪੰਜਾਬ ਦੇ 13 ਜ਼ਿਲ੍ਹਿਆਂ 'ਚ 3 ਦਿਨਾਂ ਲਈ ਹੀਟਵੇਵ ਅਲਰਟ

**ਚੰਡੀਗੜ੍ਹ, 9 ਜੂਨ (ਆਵਾਜ਼ਿ ਕੌਮ ਬਿਊਰੋ)**-ਭਾਰਤੀ ਮੌਸਮ ਵਿਭਾਗ ਨੇ ਪੰਜਾਬ ਲਈ ਤਿੰਨ ਦਿਨਾਂ ਲਈ ਹੀਟ ਵੇਵ ਦਾ ਅਲਰਟ ਜਾਰੀ ਕੀਤਾ ਹੈ। ਸਿਰਫ਼ ਦਿਨ ਦੀ ਨਹੀਂ, ਰਾਤ ਦੀ ਗਰਮੀ ਵੀ ਲੋਕਾਂ ਨੂੰ ਪਰੇਸ਼ਾਨ ਕਰੇਗੀ। ਵਿਭਾਗ ਦੇ ਅਨੁਸਾਰ ਰਾਜ ਵਿੱਚ ਤਾਪਮਾਨ ਆਮ ਤੋਂ ਕਾਫੀ ਵੱਧ ਰਹਿਣ ਦੀ ਸੰਭਾਵਨਾ ਹੈ। ਦੂਜੇ ਪਾਸੇ, 12 ਜੂਨ ਤੋਂ ਹਾਲਾਤ ਆਮ ਹੋਣ ਦੀ ਗੱਲ ਕਹੀ ਜਾ ਰਹੀ ਹੈ। ਰਾਜ ਦੇ ਔਸਤ ਵੱਧ ਤੋਂ ਵੱਧ ਤਾਪਮਾਨ ਵਿੱਚ 2.5 ਡਿਗਰੀ ਸੈਲਸੀਅਸ ਦਾ ਵਾਧਾ ਹੋਇਆ ਹੈ, ਜੋ ਆਮ ਤੌਰ 'ਤੇ 3.5 ਡਿਗਰੀ ਸੈਲਸੀਅਸ ਤੋਂ ਜ਼ਿਆਦਾ ਹੈ। ਸਭ ਤੋਂ ਵੱਧ ਤਾਪਮਾਨ ਬਠਿੰਡਾ 'ਚ 44.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ। ਘੱਟੋ-ਘੱਟ ਤਾਪਮਾਨ ਵਿੱਚ ਵੀ 1.2 ਡਿਗਰੀ ਸੈਲਸੀਅਸ ਦੀ ਵਾਧੂ ਹੋਈ ਹੈ, ਜੋ ਆਮ ਤੋਂ 3 ਡਿਗਰੀ ਵੱਧ ਹੈ। ਅੱਜ ਪੰਜਾਬ 'ਚ ਤਾਪਮਾਨ 45 ਡਿਗਰੀ ਨੂੰ ਪਾਰ ਕਰ ਸਕਦਾ ਹੈ। ਅੱਜ, 9 ਜੂਨ ਨੂੰ ਪੰਜਾਬ ਦੇ 13 ਜ਼ਿਲ੍ਹਿਆਂ — ਅੰਮ੍ਰਿਤਸਰ, ਤਰਨਤਾਰਨ, ਕਪੂਰਥਲਾ, ਜਲੰਧਰ, ਹੁਸ਼ਿਆਰਪੁਰ, ਰੂਪਨਗਰ, ਮੋਹਾਲੀ, ਪਟਿਆਲਾ, ਸੰਗਰੂਰ, ਬਰਨਾਲਾ, ਬਠਿੰਡਾ, ਫ਼ਰੀਦਕੋਟ ਅਤੇ ਮੁਕਤਸਰ — ਵਿੱਚ ਔਰੇਂਜ ਅਲਰਟ ਜਾਰੀ ਕੀਤਾ ਗਿਆ ਹੈ। ਇਸਦੇ ਨਾਲ ਹੀ ਲੁਧਿਆਣਾ, ਫ਼ਿਰੋਜ਼ਪੁਰ, ਫ਼ਾਜ਼ਿਲਕਾ, ਮਾਨਸਾ, ਬਠਿੰਡਾ ਅਤੇ ਮੋਗਾ ਵਿੱਚ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। 10 ਜੂਨ ਨੂੰ ਵੀ ਜ਼ਿਆਦਾਤਰ ਜ਼ਿਲ੍ਹਿਆਂ ਵਿੱਚ ਔਰੇਂਜ ਚੇਤਾਵਨੀ ਜਾਰੀ ਰਹੇਗੀ, ਪਰ 11 ਜੂਨ ਤੋਂ ਹਾਲਾਤਾਂ ਵਿੱਚ ਕੁਝ ਸੁਧਾਰ ਹੋਣ ਦੀ ਉਮੀਦ ਹੈ। 12 ਜੂਨ ਤੱਕ ਸੂਬੇ ਭਰ ਵਿੱਚ ਹਵਾਮਾਨ ਨਾਰਮਲ ਹੋਣ ਦੀ ਸੰਭਾਵਨਾ ਹੈ। ਅੰਮ੍ਰਿਤਸਰ ਵਿੱਚ 44.03, ਲੁਧਿਆਣਾ ਵਿੱਚ 43.43, ਪਟਿਆਲਾ ਵਿੱਚ 42.83, ਪਠਾਨਕੋਟ ਵਿੱਚ 43.03 ਅਤੇ ਬਠਿੰਡਾ ਵਿੱਚ 43.43 ਤਾਪਮਾਨ ਦਰਜ ਕੀਤਾ ਗਿਆ। ਗੁਰਦਾਸਪੁਰ ਵਿੱਚ 39.03, ਬਠਿੰਡਾ ਵਿੱਚ 44.83, ਫ਼ਰੀਦਕੋਟ ਵਿੱਚ 43.03, ਫ਼ਿਰੋਜ਼ਪੁਰ ਵਿੱਚ 42.33 ਅਤੇ ਹੁਸ਼ਿਆਰਪੁਰ ਵਿੱਚ 40.93 ਤਾਪਮਾਨ ਰਿਕਾਰਡ ਹੋਇਆ। ਮੌਸਮ ਵਿਭਾਗ ਨੇ ਚੇਤਾਵਨੀ ਦਿੱਤੀ ਹੈ ਕਿ ਅਗਲੇ ਕੁਝ ਦਿਨਾਂ ਤੱਕ ਇਹ ਗਰਮੀ ਅਜਿਹੀ ਹੀ ਬਣੀ ਰਹਿ ਸਕਦੀ ਹੈ। ਲੋਕਾਂ ਨੂੰ ਬੇਵਜ੍ਹਾ ਧੁੱਪ ਵਿੱਚ ਨਿਕਲਣ ਤੋਂ ਪਰਹੇਜ਼ ਕਰਨ ਦੀ ਅਪੀਲ ਕੀਤੀ ਗਈ ਹੈ।



## ਥਾਰ ਦੇ ਸਾਹਮਣੇ ਆਉਣ ਵਾਲੇ ਹਰ ਵਿਅਕਤੀ ਨੂੰ 'ਕੀੜੇ ਮਕੌੜਿਆਂ' ਵਾਂਗ ਦਰੜਦਾ ਰਿਹਾ ਨੌਜਵਾਨ

**ਚੰਡੀਗੜ੍ਹ, 9 ਜੂਨ (ਆਵਾਜ਼ਿ ਕੌਮ ਬਿਊਰੋ)**-ਉੱਤਰ ਪ੍ਰਦੇਸ਼ ਦੇ ਭਦੋਹੀ ਸ਼ਹਿਰ ਵਿੱਚ ਇੱਕ ਨੌਜਵਾਨ ਨੇ ਥਾਰ ਗੱਡੀ ਨਾਲ ਕਈ ਲੋਕਾਂ ਨੂੰ ਟੱਕਰ ਮਾਰ ਦਿੱਤੀ। ਇਸਦੀ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਵੀਡੀਓ ਵਾਇਰਲ ਹੋਣ ਤੋਂ ਬਾਅਦ, ਦੋਸ਼ੀ ਨੌਜਵਾਨ ਨੂੰ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ ਹੈ। ਇਹ ਘਟਨਾ ਭਦੋਹੀ ਕੋਤਵਾਲੀ ਇਲਾਕੇ ਦੇ ਕਟੜਾ ਨੇੜੇ ਦੀ ਹੈ। ਵਾਇਰਲ ਵੀਡੀਓ ਵਿੱਚ, ਇੱਕ ਥਾਰ ਕੁਝ ਵਾਹਨਾਂ ਨੂੰ ਟੱਕਰ ਮਾਰਨ ਤੋਂ ਬਾਅਦ ਭੱਜਦਾ ਦਿਖਾਈ ਦੇ ਰਿਹਾ ਹੈ ਤੇ ਕੁਝ ਮੁੰਡਿਆਂ ਨੇ ਥਾਰ 'ਤੇ ਹਮਲਾ ਕਰ ਦਿੱਤਾ ਹੈ, ਜੋ ਥਾਰ ਵਿੱਚ ਲੋਕਾਂ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਤੋਂ ਬਚਣ ਲਈ ਡਰਾਈਵਰ ਨੇ ਥਾਰ ਭਜਾ ਦਿੱਤੀ। ਇਸ ਘਟਨਾ ਨੇ ਇਲਾਕੇ ਵਿੱਚ ਹਫੜਾ-ਦਫੜੀ ਮਚਾ ਦਿੱਤੀ। ਥਾਰ ਦੀ ਟੱਕਰ ਕਾਰਨ ਕੁਝ ਲੋਕ ਜ਼ਖਮੀ ਵੀ ਹੋਏ। ਦੱਸਿਆ ਜਾ ਰਿਹਾ ਹੈ ਕਿ ਥਾਰ 'ਤੇ ਸਵਾਰ ਨੌਜਵਾਨ ਦਾ ਕੁਝ ਲੋਕਾਂ ਨਾਲ ਝਗੜਾ ਹੋਇਆ ਸੀ। ਜਿਸ ਤੋਂ ਬਾਅਦ ਇਹ ਸਥਿਤੀ ਪੈਦਾ ਹੋਈ। ਪੁਲਿਸ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਐਫਆਈਆਰ ਦਰਜ ਕਰ ਲਈ ਗਈ ਹੈ। ਸੀਸੀਟੀਵੀ ਫੁਟੇਜ ਰਾਹੀਂ ਗੱਡੀ ਬਾਰੇ ਜਾਣਕਾਰੀ ਹਾਸਲ ਕੀਤੀ ਗਈ ਹੈ ਅਤੇ ਲਾਪਰਵਾਹੀ ਨਾਲ ਗੱਡੀ ਚਲਾ ਰਹੇ ਸੁਹੇਲ ਨੂੰ ਗੱਡੀ ਸਮੇਤ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਰਾਤ ਦਾ ਸਮਾਂ ਹੈ ਅਤੇ ਸੜਕ ਭੀੜ ਨਾਲ ਭਰੀ ਹੋਈ ਹੈ। ਇਸ ਦੌਰਾਨ ਇੱਕ ਥਾਰ ਆਉਂਦਾ ਹੈ, ਜਿਸ ਵਿੱਚ ਬਹੁਤ ਸਾਰੇ ਲੋਕ ਸਵਾਰ ਹੁੰਦੇ ਹਨ। ਜਦੋਂ ਥਾਰ ਨੂੰ ਰਸਤਾ ਨਹੀਂ ਮਿਲਿਆ, ਤਾਂ ਸਵਾਰ ਨੇ ਇੱਕ ਕਾਰ ਨੂੰ ਟੱਕਰ ਮਾਰ ਦਿੱਤੀ। ਇਸ ਦੌਰਾਨ ਭੀੜ ਥਾਰ 'ਤੇ ਸਵਾਰ ਲੋਕਾਂ ਦਾ ਪਿੱਛਾ ਵੀ ਕਰ ਰਹੀ ਹੈ ਪਰ ਸੜਕ 'ਤੇ ਭੀੜ ਹੋਣ ਦੇ ਬਾਵਜੂਦ, ਥਾਰ ਸਵਾਰ ਕਈ ਵਾਹਨਾਂ ਨੂੰ ਟੱਕਰ ਮਾਰਦਾ ਹੈ ਅਤੇ ਚਲਾ ਜਾਂਦਾ ਹੈ। ਇਸ ਦੀ ਵੀਡੀਓ ਹੁਣ ਸੋਸ਼ਲ ਮੀਡੀਆ ਉਤੇ ਜਮਕੇ ਵਾਇਰਲ ਹੋ ਰਹੀ ਹੈ।






# Pakistan Gurdwara Yatra

**28th October to 7th November 2025**

**Yatra Includes 25+ Gurudwara Sahib Darshan.**

**Accommodation in hotels and travel within Pakistan and Yatra Start to Finish Point in AC Coaches**

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

Note: It does not include flight ticket and insurance, it has to be done by the passenger himself.

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

*-- ਗੁਰੂ ਪੰਥ ਦੇ ਸੇਵਾਦਾਰ --*

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK


- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ ਪਿੰਡ ਰੋਡੇ 2.6.1947 Birth Pind Rode

ਸ਼ਹੀਦੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ 6.6.1984 Shaheedi Sri Darbar Sahib Amritsar



www.damdamitaksal.net

Physical death i do not fear
death of conscience is a sure death

Sant Jarnail Singh Ji Khalsa Bhindranwale
www.damdamitaksal.net




ਨਾਮ ਜਪੋ ਕਿਰਤ ਕਰੋ ਵੰਡ ਛਕੋ — Naam Japo Kirat Karo Vand Shako

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ — WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net

ਆਵਾਜ਼ਿ ਕੌਮ
Daily Newspaper from U.K.
Publisher/Chief Editor
Raghbir Singh Walsal
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243



ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆਂ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

ਦੇਗ ਤੇਗ ਫ਼ਤਿਹ – ਪੰਥ ਕੀ ਜੀਤ

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਅਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ



ਧੰਨ-ਧੰਨ ਮਾਤਾ ਸਾਹਿਬ ਕੌਰ ਜੀ

# 29ਵਾਂ ਸਲਾਨਾ ਜੋੜ ਮੇਲਾ
# ਗੁਰਮਤਿ ਸਮਾਗਮ

**1 ਨਵੰਬਰ 2025, ਦਿਨ ਸ਼ਨੀਵਾਰ ਨੂੰ**

**ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ**

ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।



ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਸੋਮਵਾਰ, ਸਵੇਰੇ 10 ਵਜੇ

ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਸ਼ਨੀਵਾਰ, ਸਵੇਰੇ 9 ਵਜੇ

ਜੋੜ ਮੇਲੇ ਵਿੱਚ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।

**ਨੋਟ : ਇਹ ਸਮਾਗਮ 13 ਦਿਨ ਚੱਲੇਗਾ**

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।

ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।



ਬੇਨਤੀ ਕਰਤਾ

**ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ**

ਦਮਦਮੀ ਟਕਸਾਲ ਭਿੰਡਰਾਂ ਵਾਲੇ

ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404

ਸੰਪਰਕ ਨੰਬਰ
98141-27470
84278-66404
73408-35137

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੂ ਕੋਟਿ ਪੈਂਡਾ ਆਗੇ ਹੋਏ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 28 ਅਕਤੂਬਰ 2025 ਤੋਂ 7 ਨਵੰਬਰ 2025 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

**Note: It does not include flight ticket and insurance, it has to be done by the passenger himself.**

**ਜਰੂਰੀ ਨੋਟ :** ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਲਗਜ਼ਰੀ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

**ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।**

**BOOK YOUR SEATS NOW**

★-- ਗੁਰੂ ਪੰਥ ਦੇ ਸੇਵਾਦਾਰ --★

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

• ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall

+447976210161

• ਭਾਈ ਬਲਜੀਤ ਸਿੰਘ ਕੰਗ/Bhai Baljit Singh Kang

+44 7780 605230

• ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)

+44 7568 517223

Website : www.nsycuk.com

E-mail : gnstuk@hotmail.com


SOUTHALL
ਆਵਾਜ਼ਿ ਕੌਮ
AWAZE QAUM
International Newspaper & WEB TV
ਅੰਮ੍ਰਿਤ ਸੰਚਾਰ
AMRIT SANCHAR
SUNDAY 15TH JUN AT 12:30PM
GURDWARA SRI GURU SINGH SABHA
2-8 PARK AVE | SOUTHALL | UB1 3AG
ਕੇਸੀ ਇਸ਼ਨਾਨ ਕਰਕੇ ਪਹੁੰਚੋ । ਕੱਕਾਰ ਉਪਲਬਧ ਹੋਣਗੇ
ARRIVE AFTER DOING FULL KESI ISHNAAN
(BODY & HAIR WASH)
CONTACT 07940 270 120 FOR MORE DETAILS

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ ॥

# ਅੰਮ੍ਰਿਤ ਸੰਚਾਰ

☛ ਦਿਨ ਸ਼ਨਿੱਚਰਵਾਰ 14 ਜੂਨ 2025 ☛ ਜੂਨ 1984 ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਅੰਮ੍ਰਿਤ ਸੰਚਾਰ ਕਰਵਾਏ ਜਾ ਰਹੇ ਹਨ।



ਕੱਕਾਰ ਗੁਰਦੁਆਰਾ ਸਾਹਿਬ ਵੱਲੋਂ ਭੇਟਾ ਰਹਿਤ ਮਿਲਣਗੇ

ਸਮਾਂ ਦੁਪਹਿਰ 12 :00 ਵਜੇ ਅੰਮ੍ਰਿਤ ਅਭਿਲਾਖੀ ਨੇ ਗੁਰਦੁਵਾਰਾ ਸਾਹਿਬ ਪਹੁੰਚਣ ਦੀ ਕੋਸ਼ਿਸ਼ ਕਰਨੀ

☛ ਅੰਮ੍ਰਿਤ ਅਭਿਲਾਖੀ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★


**ਸਾਧ ਸੰਗਤ, ਪ੍ਰਬੰਧਕ ਕਮੇਟੀ**
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਅੰਮ੍ਰਿਤ ਅਭਿਲਾਖੀ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

ਅੱਜ 10 ਜੂਨ ਬਰਸੀ 'ਤੇ ਵਿਸ਼ੇਸ਼

# ਦਰਵੇਸ਼ ਸਿਆਸਤਦਾਨ - ਗਿਆਨੀ ਕਰਤਾਰ ਸਿੰਘ ਨੂੰ ਯਾਦ ਕਰਦਿਆਂ



ਗਿਆਨੀ ਕਰਤਾਰ ਸਿੰਘ



-ਭਗਵਾਨ ਸਿੰਘ ਜੌਹਲ

bhagwansinghjohal@gmail.com

ਮੋਬਾਈਲ : 98143-24040

ਮਨੁੱਖਤਾ ਦੀ ਸੇਵਾ ਸਭ ਤੋਂ ਉੱਤਮ ਕਾਰਜ ਹੈ ।ਅਜਿਹੇ ਬਹੁਤ ਵਿਰਲੇ ਇਨਸਾਨ ਮਿਲਣਗੇ, ਜਿਨ੍ਹਾਂ ਸਮੁੱਚਾ ਜੀਵਨ ਹੀ ਲੋਕ ਸੇਵਾ ਨੂੰ ਸਮਰਪਿਤ ਕੀਤਾ ਹੋਵੇ । ਅਜੋਕੇ ਸਮੇਂ ਵਿੱਚ ਅਜਿਹੇ ਇਨਸਾਨ ਲੱਭਿਆਂ ਵੀ ਨਹੀਂ ਮਿਲਦੇ ।ਸਮੁੱਚਾ ਜੀਵਨ ਕੌਮੀ ਹਿੱਤਾਂ ਨੂੰ ਸਮਰਪਿਤ ਕਰਨ ਵਾਲੇ, ਸਹੀ ਅਰਥਾਂ

ਆਵਾਜ਼ਿ ਕੌਮ AWAZE QAUM International Newspaper & WEB TV

ਵਿੱਚ ਦਰਵੇਸ਼ ਸਿਆਸਤਦਾਨ ਸਨ, ਗਿਆਨੀ ਕਰਤਾਰ ਸਿੰਘ ।ਤਾਅ ਜ਼ਿੰਦਗੀ ਨਾ ਕਿਸੇ ਅਹੁਦੇ ਦੀ ਇੱਛਾ ਰੱਖੀ ਅਤੇ ਨਾ ਹੀ ਕੋਈ ਜਾਇਦਾਦ ਬਣਾਈ ।20ਵੀਂ ਸਦੀ ਦੀ ਰਾਜਨੀਤੀ ਵਿੱਚ ਕੌਮ ਦਾ ਦਿਮਾਗ ਸਮਝੇ ਜਾਣ ਵਾਲੇ ਗਿਆਨੀ ਕਰਤਾਰ ਸਿੰਘ ਦਾ ਜਨਮ 20 ਫ਼ਰਵਰੀ, 1902 ਈ: ਨੂੰ ਲਾਇਲਪੁਰ ਜ਼ਿਲ੍ਹੇ ਦੇ ਚੱਕ ਨੰ: 40 ਕੰਗ ਬ੍ਰਾਂਚ (ਲਹਿੰਦਾ ਪੰਜਾਬ) ਪਿਤਾ ਸ। ਭਗਤ ਸਿੰਘ ਅਤੇ ਮਾਤਾ ਜਿਓ ਦੇ ਗ੍ਰਹਿ ਵਿਖੇ ਹੋਇਆ ।ਉਸ ਸਮੇਂ ਸਿੱਖਿਆ ਦਾ ਪਾਸਾਰ ਹੁਣ ਵਾਂਗ ਨਹੀਂ ਸੀ ਹੋਇਆ ।ਮੁੱਢਲੀ ਸਿੱਖਿਆ ਅਤੇ ਅੱਖਰ ਗਿਆਨ ਧਾਰਮਿਕ ਅਸਥਾਨਾਂ 'ਤੇ ਹੁੰਦਾ ਸੀ ।ਗਿਆਨੀ ਜੀ ਨੇ ਆਪਣੀ ਮੁੱਢਲੀ ਸਿੱਖਿਆ ਆਪਣੇ ਪਿੰਡ ਦੇ ਗੁਰਦੁਆਰਾ ਸਾਹਿਬ ਤੋਂ ਹੀ ਸ਼ੁਰੂ ਕੀਤੀ ।ਇਸ ਤੋਂ ਪਿੱਛੋਂ ਫਿਰ ਚੱਕ ਨੰ: 41 ਦੇ ਖ਼ਾਲਸਾ ਹਾਈ ਸਕੂਲ ਵਿੱਚ ਦਾਖਲਾ ਪ੍ਰਾਪਤ ਕੀਤਾ ।ਇਸੇ ਸਕੂਲ ਵਿੱਚੋਂ 1921 ਈ: ਵਿੱਚ ਮੈਟ੍ਰਿਕ ਦਾ ਇਮਤਿਹਾਨ ਪਾਸ ਕੀਤਾ । ਇਸ ਤੋਂ ਬਾਅਦ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਦਾਖਲ ਤਾਂ ਹੋ ਗਏ, ਅਜੇ ਐੱਫ ਏ। ਹੀ ਕਰਦੇ ਸਨ, ਅਚਾਨਕ ਬੀਮਾਰੀ ਨੇ ਘੇਰ ਲਿਆ, ਬੀਮਾਰੀ ਦੀ ਹਾਲਤ ਵਿੱਚ ਕਾਲਜ ਛੱਡਣਾ ਪਿਆ ।ਪੜ੍ਹਾਈ ਦੀ ਰੁਚੀ ਰੱਖਣ ਦੀ ਲੋਚਾ ਮਨ ਵਿੱਚ ਹੀ ਰਹਿ ਗਈ । ਗਿਆਨੀ ਜੀ ਦੇ ਘਰ ਦਾ ਮਾਹੌਲ ਧਾਰਮਿਕ ਹੋਣ ਕਰਕੇ ਗੁਰਬਾਣੀ ਕੀਰਤਨ ਨਾਲ ਵਿਸ਼ੇਸ਼ ਲਗਾਅ ਰੱਖਦੇ ਸਨ ।ਅਜਿਹੀ ਧਾਰਮਿਕ ਰੁਚੀ ਹੋਣ ਕਾਰਨ ਅਤੇ ਸਿੱਖ ਇਤਿਹਾਸ ਨੂੰ ਜਾਨਣ ਦੀ ਉਤਸੁੱਕਤਾ ਕਾਰਨ ਲੋਕਾਂ ਵੱਲੋਂ (ਗਿਆਨੀ) ਸ਼ਬਦ ਨਾਲ ਸੰਬੋਧਨ ਕਰਨਾ ਸ਼ੁਰੂ ਕਰ ਦਿੱਤਾ ।ਅੰਤ ਸਮੇਂ ਤੱਕ ਇਹੋ ਸ਼ਬਦ ਆਪ ਦੇ ਨਾਂਅ ਨਾਲ ਜੁੜਿਆ ਰਿਹਾ ।1925 ਈ: ਵਿੱਚ ਗੁਰਦੁਆਰਾ ਲਹਿਰ ਸਿਖਰ ਦੇ ਦਿਨਾਂ ਵਿੱਚ ਸੀ, ਇਸੇ ਸਾਲ ਗੁਰਦੁਆਰਾ ਐਕਟ ਭਾਰਤ ਦੀ ਅੰਗ੍ਰੇਜ਼ ਹਕੂਮਤ ਵੱਲੋਂ ਲਾਗੂ ਕੀਤਾ ਗਿਆ ।ਉਸ ਸਮੇਂ ਪੰਜਾਬ ਦੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋਈ ।ਉਸ ਸਮੇਂ ਦੇ ਪੰਜਾਬ ਵਿੱਚ ਪਾਕਿਸਤਾਨ ਵਿੱਚ ਵੱਸਦਾ ਲਹਿੰਦਾ ਪੰਜਾਬ, ਮੌਜੂਦਾ ਪੰਜਾਬ, ਹਰਿਆਣਾ ਅਤੇ ਹਿਮਾਚਲ ਵਿੱਚ ਸ਼ਾਮਿਲ ਪੁਰਾਣੇ ਪੰਜਾਬ ਦੇ ਗੁਰਦੁਆਰਾ ਸਾਹਿਬਾਨ ਵੀ ਸ਼ਾਮਿਲ ਸਨ ।ਗਿਆਨੀ ਜੀ ਧਾਰਮਿਕ ਵਿਚਾਰਾਂ ਵਿੱਚ ਪ੍ਰਪੱਕਤਾ ਹੋਣ ਕਾਰਨ 1926 ਈ: ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਸਮੇਂ ਗਿਆਨੀ ਕਰਤਾਰ ਸਿੰਘ ਮੈਂਬਰ ਚੁਣ ਲਏ ਗਏ ।ਇਸ ਤੋਂ ਅਗਲੇ ਵਰ੍ਹੇ ਕਾਰਜਕਾਰਨੀ ਕਮੇਟੀ ਦੇ ਮੈਂਬਰ ਚੁਣ ਲਏ ਗਏ ।ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਚੱਲ ਰਿਹਾ। 30 ਅਕਤੂਬਰ, 1928 ਈ: ਨੂੰ ਲਾਹੌਰ ਦੇ ਰੇਲਵੇ ਸਟੇਸ਼ਨ 'ਤੇ ਸਾਈਮਨ ਕਮਿਸ਼ਨ ਪ੍ਰਤੀ ਰੋਸ ਪ੍ਰਗਟ ਕੀਤਾ ।ਇਸ ਤੋਂ ਬਾਅਦ 1930-31 ਵਿੱਚ ਚੱਲੇ ਨਾਫ਼ੁਰਮਾਨੀ ਅੰਦੋਲਨ ਵਿੱਚ ਹਿੱਸਾ ਲੈਣ ਕਾਰਨ ਇਕ ਸਾਲ ਦੀ ਸਖ਼ਤ ਕੈਦ ਦੀ ਸਜ਼ਾ ਕੱਟਣੀ ਪਈ ।

ਕੌਮੀ ਦਰਦ ਦੀ ਚੀਸ ਹਰ ਸਮੇਂ ਹਿਰਦੇ ਵਿੱਚ ਕਾਇਮ ਰਹੀ ।ਉਨ੍ਹਾਂ ਦੀ ਇਕੋ-ਇਕ ਖਾਹਿਸ਼ ਸੀ, ਸਾਡੇ ਸਿਆਸਤਦਾਨ ਸੱਚੇ-ਸੁੱਚੇ ਦੇਸ਼ ਭਗਤਾਂ ਵਾਂਗ ਆਜ਼ਾਦੀ ਦੇ ਸੰਘਰਸ਼ ਵਿੱਚ ਯੋਗਦਾਨ ਪਾਉਣ ।ਉਹ ਹਮੇਸ਼ਾਂ ਕਹਿੰਦੇ ਸਨ, ਨਿੱਜੀ ਹਿੱਤਾਂ ਤੋਂ ਉੱਪਰ ਉੱਠ ਕੇ ਦੇਸ਼ ਨੂੰ ਗੁਲਾਮੀ ਤੋਂ ਛੁਟਕਾਰਾ ਮਿਲ ਸਕਦਾ ।1937 ਈ: ਵਿੱਚ ਸਾਂਝੇ ਪੰਜਾਬ ਦੀ ਵਿਧਾਨ ਸਭਾ ਦੀ ਚੋਣ ਹੋਈ ।ਉਨ੍ਹਾਂ ਇਹ ਚੋਣ ਸਮੁੰਦਰੀ ਜੜ੍ਹਵਾਲਾ (ਲਹਿੰਦਾ ਪੰਜਾਬ) ਦੇ ਵਿਧਾਨ ਸਭਾ ਹਲਕਾ ਤੋਂ ਲੜੀ ।ਇਸ ਚੋਣ ਵਿੱਚ ਇਸ ਹਲਕੇ ਤੋਂ ਵਿਧਾਨ ਸਭਾ ਮੈਂਬਰ ਚੁਣੇ ਗਏ ।1943 ਈ: ਵਿੱਚ ਉਨ੍ਹਾਂ ਪੰਜਾਬੀਆਂ ਦੇ ਦਰਦ ਨੂੰ ਸਮਝਦਿਆਂ ਅਜ਼ਾਦ ਪੰਜਾਬ ਬਣਾਉਣ ਦਾ ਵਿਚਾਰ ਪੇਸ਼ ਕੀਤਾ ।ਉਨ੍ਹਾਂ ਦਾ ਵਿਚਾਰ ਸੀ, ਦੇਸ਼ ਦੀ ਆਜ਼ਾਦੀ ਦੀ ਲੜਾਈ ਜਿਹੜੀ ਉਸ ਸਮੇਂ ਸਿਖਰ 'ਤੇ ਸੀ, ਉਸ ਵਿੱਚ ਪੰਜਾਬੀ ਆਪਣਾ ਪੂਰਾ ਯੋਗਦਾਨ ਪਾ ਰਹੇ ਸਨ ।ਉਨ੍ਹਾਂ ਨੂੰ ਜਾਪਦਾ ਸੀ ਜੇ ਇਸ ਸੰਘਰਸ਼ ਵਿੱਚ ਸਭ ਤੋਂ ਵੱਧ ਕੁਰਬਾਨੀਆਂ ਕਰਨ ਵਾਲੀ ਕੌਮ ਪਛੜ ਗਈ ਤਾਂ ਅਜ਼ਾਦ ਪੰਜਾਬ ਬਣਾਉਣ ਦਾ ਇਹ ਸੁਪਨਾ ਭਵਿੱਖ ਦੇ ਗਰਭ ਵਿੱਚ ਚਲਾ ਜਾਵੇਗਾ । ਉਸ ਸਮੇਂ ਦੂਜਾ ਸੰਸਾਰ ਯੁੱਧ ਚੱਲ ਰਿਹਾ ਸੀ, ਗਿਆਨੀ ਜੀ ਦਾ ਵਿਚਾਰ ਸੀ, ਸੰਸਾਰ ਜੰਗ ਦੀ ਭੱਠੀ ਵਿੱਚ ਲੱਖਾਂ ਸਿੱਖ ਨੌਜਵਾਨਾਂ ਨੂੰ ਬਾਲਣ ਵਜੋਂ ਅੰਗ੍ਰੇਜ਼ ਹਕੂਮਤ ਮੌਤ ਦੇ ਮੂੰਹ ਵਿੱਚ ਧੱਕ ਰਹੀ ਹੈ ।

ਇਸ ਤੋਂ ਅਗਲੇ ਸਾਲ 12 ਦਸੰਬਰ, 1944 ਈ: ਵਿੱਚ ਉਨ੍ਹਾਂ ਦਾ ਵਿਚਾਰ ਸੀ ਕਿ ਸਿੱਖ ਧਰਮ ਸਰਬੱਤ ਦੇ ਭਲੇ ਦਾ ਸਿਧਾਂਤ ਮੁਤਾਬਿਕ ਕਿਸੇ ਜਾਤ-ਪਾਤ ਵਿੱਚ ਵਿਸ਼ਵਾਸ਼ ਨਹੀਂ ਰੱਖਦਾ, ਸਗੋਂ ਸੰਸਾਰ ਦਾ ਸਰਬ-ਸਾਂਝਾ ਧਰਮ ਹੈ, ਉਨ੍ਹਾਂ ਇਸ ਕੰਮ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੋਰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਸਿੱਖ ਕੌਮ ਦਾ ਧਿਆਨ ਇਸ ਪਾਸੇ ਲਾ ਕੇ ਗੁਰਦੁਆਰਾ ਐਕਟ ਵਿੱਚ ਸੋਧ ਕਰਕੇ ਕਥਿਤ ਪਛੜੀਆਂ ਸ਼੍ਰੇਣੀਆਂ ਨੂੰ ਗੁਰਦੁਆਰਾ ਕਮੇਟੀ ਵਿੱਚ ਪ੍ਰਤੀਨਿੱਧਤਾ ਦਿੱਤੀ ਜਾਵੇ।

ਦੇਸ਼ ਦੀ ਆਜ਼ਾਦੀ ਤੋਂ ਪਿੱਛੋਂ 1952 ਈ: ਵਿੱਚ ਗਿਆਨੀ ਜੀ ਨੂੰ ਪੰਜਾਬ ਵਿਧਾਨ ਕੌਂਸਿਲ ਦਾ ਮੈਂਬਰ ਬਣਾ ਦਿੱਤਾ ਗਿਆ ।ਜਦੋਂ ਪੈਪਸੂ ਦਾ ਇਲਾਕਾ ਪੰਜਾਬ ਵਿੱਚ ਸ਼ਾਮਿਲ ਕੀਤਾ ਗਿਆ ਤਾਂ ਗਿਆਨੀ ਜੀ ਦੀ ਸੋਚ ਮੁਤਾਬਿਕ 1956 ਈ: ਵਿੱਚ ਫਿਰ ਗੁਰਦੁਆਰਾ ਐਕਟ ਵਿੱਚ ਸੋਧ ਕਰਵਾਈ ਗਈ ।1957 ਈ: ਦੀ ਪੰਜਾਬ ਵਿਧਾਨ ਸਭਾ ਦੀ ਚੋਣ ਸਮੇਂ ਗਿਆਨੀ ਕਰਤਾਰ ਸਿੰਘ ਫਿਰ ਵਿਧਾਇਕ ਚੁਣੇ ਗਏ ।ਮੰਤਰੀ ਮੰਡਲ ਬਣਨ ਸਮੇਂ ਸ। ਪ੍ਰਤਾਪ ਸਿੰਘ ਕੈਰੋਂ ਦੇ ਮੰਤਰੀ ਮੰਡਲ ਵਿੱਚ ਆਪ ਨੂੰ ਪੰਜਾਬ ਦੇ ਮਾਲ ਤੇ ਖੇਤੀਬਾੜੀ ਮੰਤਰੀ ਵਜੋਂ ਸ਼ਾਮਿਲ ਕੀਤਾ ਗਿਆ ।1962 ਈ: ਦੀ ਵਿਧਾਨ ਸਭਾ ਦੀ ਚੋਣ ਸਮੇਂ ਵੀ ਆਪ ਮੁੜ ਵਿਧਾਨਕਾਰ ਚੁਣੇ ਗਏ ।

16 ਅਪ੍ਰੈਲ, 1967 ਈ: ਨੂੰ ਆਪ ਨੇ ਕਾਂਗਰਸ ਪਾਰਟੀ ਨੂੰ ਅਲਵਿਦਾ ਆਖ ਦਿੱਤਾ ।ਹੁਣ ਸਿਹਤ ਵਿੱਚ ਵਿਗਾੜ ਆਉਣ ਕਾਰਨ ਸਰਗਰਮ ਰਾਜਨੀਤੀ ਤੋਂ ਵੱਖ ਹੋ ਗਏ ।ਆਖਰ ਕੁਦਰਤ ਦੇ ਨੇਮ ਮੁਤਾਬਿਕ 10 ਜੂਨ, 1974 ਈ: ਨੂੰ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਆਪ ਸਦੀਵੀ ਵਿਛੋੜਾ ਦੇ ਗਏ ।ਇਸ ਦਰਵੇਸ਼ ਸਿਆਸਤਦਾਨ ਦੀ ਯਾਦ ਵਿੱਚ ਉਸਾਰੇ ਗਏ ਗਿਆਨੀ ਕਰਤਾਰ ਸਿੰਘ ਸਰਕਾਰੀ ਕਾਲਜ ਟਾਂਡਾ (ਹੁਸ਼ਿਆਰਪੁਰ) ਦੀ ਇਮਾਰਤ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕਰਵਾ ਰਹੀ ਹੈ।

ਸਾਬਕਾ ਫ਼ੌਜ ਮੁਖੀ ਜਨਰਲ ਵੀ ਐਨ ਸ਼ਰਮਾ ਦੇ ਖ਼ੁਲਾਸਿਆਂ ਤੋਂ ਬਾਅਦ

# ਕਾਂਗਰਸ ਪਾਰਟੀ ਹੁਣ ਕਿਥੇ ਆਪਣਾ ਮੂੰਹ ਛੁਪਾਏਗੀ - ਪ੍ਰੋ. ਸਰਚਾਂਦ ਸਿੰਘ ਖਿਆਲਾ



**ਅੰਮ੍ਰਿਤਸਰ, 9 ਜੂਨ (ਆਵਾਜ਼ਿ ਕੌਮ ਬਿਊਰੋ)**-ਭਾਰਤੀ ਜਨਤਾ ਪਾਰਟੀ ਸੂਬਾ ਪੰਜਾਬ ਦੇ ਬੁਲਾਰੇ ਪ੍ਰੋਫੈਸਰ ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਕਾਂਗਰਸ ਪਾਰਟੀ ਆਪਣੇ ਪਿਛਲੇ ਪਾਪਾਂ ਤੋਂ ਭੱਜ ਨਹੀਂ ਸਕਦੀ। ਉਨ੍ਹਾਂ ਨੇ ਸਾਬਕਾ ਫ਼ੌਜ ਮੁਖੀ ਜਨਰਲ ਵੀ.ਐਨ. ਸ਼ਰਮਾ, ਜੋ ਕਿ ਆਪ੍ਰੇਸ਼ਨ ਬਲੂ ਸਟਾਰ ਦੀ ਸ਼ੁਰੂਆਤ ਸਮੇਂ ਡਾਇਰੈਕਟੋਰੇਟ ਆਫ ਮਿਲਟਰੀ ਆਪ੍ਰੇਸ਼ਨਜ਼ ਵਿੱਚ ਐਡੀਸ਼ਨਲ ਡਾਇਰੈਕਟਰ ਜਨਰਲ ਮਿਲਟਰੀ

ਆਵਾਜ਼ਿ ਕੌਮ AWAZE QAUM International Newspaper & WEB TV

ਆਪ੍ਰੇਸ਼ਨਜ਼ ਵਜੋਂ ਸੇਵਾ ਨਿਭਾ ਚੁੱਕੇ ਸਨ, ਵੱਲੋਂ ਬਲੂ ਸਟਾਰ ਆਪ੍ਰੇਸ਼ਨ ਸੰਬੰਧੀ ਕੀਤੇ ਗਏ ਮਹੱਤਵਪੂਰਨ ਅਤੇ ਵੱਡੇ ਖ਼ੁਲਾਸਿਆਂ ਲਈ ਪ੍ਰਸ਼ੰਸਾ ਕੀਤੀ ਹੈ। ਜਿਸ ਵਿੱਚ ਜਨਰਲ ਵੀ.ਐਨ. ਸ਼ਰਮਾ ਨੇ ਆਪ੍ਰੇਸ਼ਨ ਨੂੰ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਦੱਸਿਆ ਸੀ ਅਤੇ ਉਸ ਵਕਤ ਡੀ.ਜੀ.ਐੱਮ.ਓ. ਨੇ ਤਤਕਾਲੀ ਫ਼ੌਜ ਮੁਖੀ ਜਨਰਲ ਏ.ਐਸ. ਵੈਦਿਆ ਨੂੰ ਸ੍ਰੀ ਦਰਬਾਰ ਸਾਹਿਬ ਵਿੱਚ ਫ਼ੌਜ ਨਾ ਭੇਜਣ ਦੀ ਸਲਾਹ ਦਿੱਤੀ ਸੀ।

ਪ੍ਰੋਫੈਸਰ ਸਰਚਾਂਦ ਸਿੰਘ ਨੇ ਕਿਹਾ ਕਿ ਸਾਬਕਾ ਫ਼ੌਜ ਮੁਖੀ ਵੱਲੋਂ ਕੀਤੇ ਗਏ ਇਤਿਹਾਸਕ ਖ਼ੁਲਾਸਿਆਂ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੇ ਸੰਵਿਧਾਨ ਦੀ ਉਲੰਘਣਾ ਕੀਤੀ ਅਤੇ ਆਪਣੇ ਰਾਜਨੀਤਿਕ ਉਦੇਸ਼ਾਂ ਲਈ ਆਪਣੇ ਹੀ ਲੋਕਾਂ 'ਤੇ ਭਾਰਤੀ ਫ਼ੌਜ ਦੀ ਨਿਲੱਜ ਦੁਰਵਰਤੋਂ ਕੀਤੀ। ਸ਼੍ਰੀਮਤੀ ਇੰਦਰਾ ਗਾਂਧੀ ਸ੍ਰੀ ਦਰਬਾਰ ਸਾਹਿਬ 'ਤੇ 'ਹਮਲਾ' ਕਰਨ ਲਈ ਬਜ਼ਿਦ ਸੀ, ਜਿਸ ਲਈ ਉਨ੍ਹਾਂ ਨੇ ਫ਼ੌਜ ਦੇ ਮੁਖੀ ਨੂੰ ਨਜ਼ਰਅੰਦਾਜ਼ ਕਰਦਿਆਂ ਪੱਛਮੀ ਫ਼ੌਜ ਦੇ ਕਮਾਂਡਰ ਲੈਫ਼ਟੀਨੈਂਟ ਜਨਰਲ ਕੇ. ਸੁੰਦਰ ਜੀ ਨੂੰ ਸ੍ਰੀ ਦਰਬਾਰ ਸਾਹਿਬ ਅੰਦਰ ਫ਼ੌਜ ਭੇਜਣ ਦਾ ਹੁਕਮ ਦਿੱਤਾ ਸੀ। ਪ੍ਰੋਫੈਸਰ ਸਰਚਾਂਦ ਸਿੰਘ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ 10 ਅਗਸਤ 2023 ਨੂੰ ਲੋਕ ਸਭਾ ਵਿੱਚ ਪਹਿਲਾਂ ਹੀ ਜੂਨ 84 ਵਿੱਚ ਸ੍ਰੀ ਦਰਬਾਰ ਸਾਹਿਬ 'ਤੇ ਕੀਤੇ ਗਏ ਆਪ੍ਰੇਸ਼ਨ ਨੂੰ 'ਹਮਲਾ' ਕਰਾਰ ਦੇ ਚੁੱਕੇ ਹਨ। ਤਾਨਾਸ਼ਾਹੀ ਵਤੀਰਾ ਅਤੇ ਸਿੱਖਾਂ ਨੂੰ ਸਬਕ ਸਿਖਾਉਣ ਦੇ ਵਿਚਾਰ ਨਾਲ ਸ੍ਰੀ ਦਰਬਾਰ ਸਾਹਿਬ 'ਤੇ ਕੀਤਾ ਗਿਆ ਇਹ ਹਮਲਾ ਸ਼੍ਰੀਮਤੀ ਇੰਦਰਾ ਗਾਂਧੀ ਦੀ ਸਭ ਤੋਂ ਵੱਡੀ ਇਤਿਹਾਸਕ ਗ.ਲਤੀ ਸੀ। ਜੋ ਉਮੀਦ ਨਾਲੋਂ ਕਿਤੇ ਜ਼ਿਆਦਾ ਮਹਿੰਗਾ ਅਤੇ ਵਿਨਾਸ਼ਕਾਰੀ ਸਾਬਤ ਹੋਇਆ। ਪੰਜਾਬ ਅਤੇ ਸਿੱਖਾਂ ਦੇ ਹਿੱਤਾਂ ਲਈ ਅਤੇ ਰਾਜਨੀਤਿਕ ਲਾਭ ਲਈ ਆਯੋਜਿਤ ਧਰਮ ਯੁੱਧ ਮੋਰਚੇ ਵਰਗੇ ਲੋਕ ਅੰਦੋਲਨ ਨੂੰ ਦਬਾਉਣ ਲਈ, ਕਾਂਗਰਸ ਇੰਦਰਾ ਸਰਕਾਰ ਨੇ ਜੂਨ 1984 ਵਿੱਚ ਬੇਸ਼ਰਮੀ ਨਾਲ ਆਪਣੇ ਹੀ ਲੋਕਾਂ ਵਿਰੁੱਧ ਫ਼ੌਜ ਦੀ ਵਰਤੋਂ ਕੀਤੀ। ਜਿਸ ਵਿੱਚ ਹਜ਼ਾਰਾਂ ਨਿਰਦੋਸ਼ ਲੋਕਾਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ। ਇਸ ਦੇ ਦਰਦ ਅਜੇ ਵੀ ਸਿੱਖ ਮਾਨਸਿਕਤਾ ਵਿੱਚ ਅਮਿੱਟ ਤੌਰ 'ਤੇ ਉੱਕਰੇ ਹੋਏ ਹਨ ਅਤੇ ਇਹ ਦੁਖਾਂਤ ਸਦੀਆਂ ਤੱਕ ਇੱਕ ਅਭੁੱਲ ਯਾਦ ਰਹੇਗਾ। ਜੇਕਰ ਕਾਂਗਰਸ ਸਰਕਾਰ ਚਾਹੁੰਦੀ ਹੁੰਦੀ, ਤਾਂ ਉਹ ਇਸ ਤਬਾਹੀ ਨੂੰ ਰੋਕ ਸਕਦੀ ਸੀ। 26 ਮਈ 1984 ਨੂੰ ਅਕਾਲੀ ਆਗੂਆਂ ਦੀ ਕੇਂਦਰ ਸਰਕਾਰ ਨਾਲ 14ਵੀਂ ਅੰਤਿਮ ਮੀਟਿੰਗ ਹੋਈ, ਜਿਸ ਵਿੱਚ ਇੰਦਰਾ ਗਾਂਧੀ ਨੂੰ ਲਏ ਗਏ ਫ਼ੈਸਲਿਆਂ ਬਾਰੇ ਸੂਚਿਤ ਕੀਤਾ ਗਿਆ, ਪਰ ਉਸ ਨੇ ਆਪਣੀ ਅਸਹਿਮਤੀ ਪ੍ਰਗਟ ਕੀਤੀ ਅਤੇ ਫ਼ੌਜੀ ਕਾਰਵਾਈ ਦੀ ਤਿਆਰੀ ਸ਼ੁਰੂ ਕਰ ਦਿੱਤੀ। ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਜੇਕਰ ਕੇਂਦਰ ਨਾਲ ਅਕਾਲੀ ਦਲ ਦੀਆਂ ਮੀਟਿੰਗਾਂ ਦੌਰਾਨ ਇਹ ਮੁੱਦਾ ਹੱਲ ਹੋ ਜਾਂਦਾ, ਤਾਂ ਇੰਦਰਾ ਗਾਂਧੀ ਕੋਲ ਹਮਲਾ ਕਰਨ ਦਾ ਕੋਈ ਬਹਾਨਾ ਨਹੀਂ ਰਹਿੰਦਾ ਸੀ। ਦਰਅਸਲ, ਉਸ ਸਮੇਂ ਕੇਂਦਰ ਅਤੇ ਪੰਜਾਬ ਦੀਆਂ ਕਾਂਗਰਸ ਸਰਕਾਰਾਂ ਪੰਜਾਬ ਵਿੱਚ ਸ਼ਾਂਤੀ ਬਣਾਈ ਨਹੀਂ ਰੱਖਣਾ ਚਾਹੁੰਦੀਆਂ ਸਨ। ਉਹ ਦੇਸ਼ ਵਿੱਚ ਆਪਣਾ ਰਾਜ ਸਤਾ ਹਮੇਸ਼ਾ ਲਈ ਬਣਾਈ ਰੱਖਣ ਲਈ ਪੂਰੀ ਕੋਸ਼ਿਸ਼ ਕਰ ਰਹੀਆਂ ਸਨ, ਇਸ ਲਈ ਇਹ ਹਮਲਾ ਕੇਂਦਰ ਅਤੇ ਰਾਜ ਦੀਆਂ ਕਾਂਗਰਸ ਸਰਕਾਰਾਂ ਦਾ ਇੱਕ ਲੁਕਵਾਂ ਏਜੰਡਾ ਸੀ। ਸਾਬਕਾ ਫ਼ੌਜ ਮੁਖੀ ਜਨਰਲ ਵੀ ਐਨ ਸ਼ਰਮਾ ਦੇ ਖ਼ੁਲਾਸਿਆਂ ਤੋਂ ਬਾਅਦ ਕਾਂਗਰਸ ਪਾਰਟੀ ਹੁਣ ਕਿਥੇ ਆਪਣਾ ਮੂੰਹ ਛੁਪਾਏਗੀ।

**ਸ੍ਰੀ ਦਰਬਾਰ ਸਾਹਿਬ 'ਤੇ 'ਹਮਲਾ' ਰਾਜਨੀਤੀ ਤੋਂ ਪ੍ਰੇਰਿਤ ਹੀ ਨਹੀਂ ਸੰਵਿਧਾਨ ਦਾ ਵੀ ਉਲੰਘਣਾ ਸੀ**

ਉਸ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ, ਪੰਜਾਬੀਆਂ ਅਤੇ ਸਿੱਖਾਂ ਨੂੰ ਕਾਂਗਰਸ ਦੀਆਂ ਸਰਕਾਰਾਂ ਨਾਲ ਆਪਣੇ ਰਾਜਨੀਤਿਕ, ਧਾਰਮਿਕ, ਭਾਸ਼ਾਈ ਅਤੇ ਵੱਖਰੀ ਪਛਾਣ ਦੇ ਮੁੱਦਿਆਂ ਲਈ ਲੜਨਾ ਪਿਆ, ਜਿਸ ਵਿੱਚ ਪੰਜਾਬੀ ਸੂਬਾ ਮੋਰਚਾ, ਐਮਰਜੈਂਸੀ ਦਾ ਵਿਰੋਧ ਅਤੇ ਧਰਮ ਯੁੱਧ ਮੋਰਚਾ ਆਦਿ ਸ਼ਾਮਿਲ ਹਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਪ੍ਰਕਾਸ਼ਨ ਲਈ ਅਤਿ ਅਹਿਮ ਰਹੇਗਾ ਨਵੇਂ ਰੂਪ ਵਿਚ ਤਿਆਰ ਕੀਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ

## ਭਵਨ ਵਿਚ ਪਬਲੀਕੇਸ਼ਨ ਵਿਭਾਗ ਦੇ ਦਫ਼ਤਰ, ਲਿਟਰੇਚਰ ਘਰ ਅਤੇ ਪੰਜੀਕਰਨ ਵਾਲੀ ਪ੍ਰੈੱਸ ਦਾ ਕੀਤਾ ਗਿਆ ਉਦਘਾਟਨ



**ਨਵੀਂ ਦਿੱਲੀ, 9 ਜੂਨ (ਮਨਪ੍ਰੀਤ ਸਿੰਘ ਖਾਲਸਾ)**:- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਪ੍ਰਮੁੱਖ ਸ਼ਖ਼ਸੀਅਤਾਂ ਦੀ ਹਾਜ਼ਰੀ ਵਿਚ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੇ ਨਵੀਨੀਕਰਨ ਕੀਤੇ ਅਸਥਾਨ, ਪਬਲੀਕੇਸ਼ਨ ਵਿਭਾਗ ਦੇ ਦਫ਼ਤਰ ਤੇ ਗੁਰਮਤਿ

ਆਵਾਜ਼ਿ ਕੌਮ AWAZE QAUM International Newspaper & WEB TV

ਲਿਟਰੇਚਰ ਹਾਊਸ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਲਈ ਆਧੁਨਿਕ ਮਸ਼ੀਨ ਦਾ ਉਦਘਾਟਨ ਕੀਤਾ। ਇਸ ਮੌਕੇ ਬਾਬਾ ਕਸ਼ਮੀਰ ਸਿੰਘ ਕਾਰਸੇਵਾ ਭੂਰੀਵਾਲੇ, ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲੇ, ਬਾਬਾ ਸੁੱਚਾ ਸਿੰਘ ਤੇ ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਵਾਲੇ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸ. ਸੁਰਜੀਤ ਸਿੰਘ ਭਿੱਟੇਵੱਡ, ਸ. ਹਰਜਾਪ ਸਿੰਘ ਸੁਲਤਾਨਵਿੰਡ, ਜਥੇਦਾਰ ਬਾਵਾ ਸਿੰਘ ਗੁਮਾਨਪੁਰਾ, ਸ. ਗੁਰਮੀਤ ਸਿੰਘ ਬੂਹ, ਸਕੱਤਰ ਸ. ਪ੍ਰਤਾਪ ਸਿੰਘ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਨੂੰ ਮੁੱਖ ਰੱਖਦਿਆਂ ਪਾਵਨ ਸਰੂਪਾਂ ਦੇ ਪ੍ਰਕਾਸ਼ਨ, ਸੇਵਾ ਸੰਭਾਲ ਤੇ ਰੱਖ-ਰਖਾਵ ਲਈ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਸਥਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੇ ਚਾਰ ਨੰਬਰ ਹਾਲ ਨੂੰ ਆਧੁਨਿਕ ਤਰੀਕੇ ਨਾਲ ਤਿਆਰ ਕਰਵਾਉਣ ਦਾ ਫੈਸਲਾ ਕੀਤਾ ਗਿਆ ਸੀ, ਜਿਸ ਦੀ ਸੇਵਾ ਬਾਬਾ ਕਸ਼ਮੀਰ ਸਿੰਘ ਕਾਰਸੇਵਾ ਭੂਰੀਵਾਲਿਆਂ ਵੱਲੋਂ ਕਰਵਾਈ ਗਈ ਹੈ। ਇਸੇ ਤਰ੍ਹਾਂ ਪਬਲੀਕੇਸ਼ਨ ਵਿਭਾਗ ਦੇ ਦਫ਼ਤਰ ਅਤੇ ਲਿਟਰੇਚਰ ਹਾਊਸ ਨੂੰ ਵੀ ਨਵੇਂ ਸਿਰਿਉਂ ਤਿਆਰ ਕੀਤਾ ਗਿਆ ਹੈ। ਇਸ ਇਮਾਰਤ ਦੀ ਸੇਵਾ ਬਾਬਾ ਸੁੱਚਾ ਸਿੰਘ ਤੇ ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਵਾਲਿਆਂ ਨੂੰ ਸੌਂਪੀ ਸੀ। ਉਦਘਾਟਨ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਕੌਮ ਦੀ ਆਸਥਾ ਦਾ ਧੁਰਾ ਹਨ, ਜਿਸ ਦੇ ਅਦਬ-ਸਤਿਕਾਰ ਨੂੰ ਕਾਇਮ ਰੱਖਣਾ ਸਿੱਖ ਸੰਸਥਾ ਦੀ ਵੱਡੀ ਜ਼ੁੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦਾ ਪ੍ਰਕਾਸ਼ਨ ਕੇਵਲ ਸ਼੍ਰੋਮਣੀ ਕਮੇਟੀ ਹੀ ਕਰਦੀ ਹੈ, ਜਿਥੋਂ ਪਾਵਨ ਸਰੂਪ ਮਰਯਾਦਾ ਅਨੁਸਾਰ ਸੰਗਤਾਂ ਤੱਕ ਪਹੁੰਚਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਵਨ ਦੇ ਨਵੀਨੀਕਰਨ ਦਾ ਮੁੱਖ ਉਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ਨ ਅਤੇ ਸੰਭਾਲ ਦੀ ਪ੍ਰਕਿਰਿਆ ਨੂੰ ਹੋਰ ਸੰਚਾਰੂ ਅਤੇ ਮਰਯਾਦਾ ਪੂਰਨ ਬਣਾਉਣਾ ਹੈ। ਨਵੇਂ ਢਾਂਚੇ ਵਿਚ ਆਧੁਨਿਕ ਤਕਨੀਕਾਂ ਅਤੇ ਸਹੂਲਤਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਸ ਨਾਲ ਪਾਵਨ ਸਰੂਪਾਂ ਦੀ ਸੇਵਾ ਸੰਭਾਲ ਵਿਚ ਪੂਰਨ ਸੁਰੱਖਿਆ ਅਤੇ ਸਤਿਕਾਰ ਨੂੰ ਯਕੀਨੀ ਬਣਾਇਆ ਜਾ ਸਕੇਗਾ। ਇਸੇ ਤਰ੍ਹਾਂ ਪਬਲੀਕੇਸ਼ਨ ਵਿਭਾਗ ਦਾ ਨਵਾਂ ਦਫ਼ਤਰ ਅਤੇ ਲਿਟਰੇਚਰ ਹਾਊਸ ਸਿੱਖ ਸਾਹਿਤ ਨੂੰ ਸੰਗਤ ਤੱਕ ਪਹੁੰਚਾਉਣ ਦਾ ਜ਼ਰੀਆ ਬਣੇਗਾ। ਇਥੋਂ ਸੰਗਤਾਂ ਗੁਰਬਾਣੀ ਦੀਆਂ ਪਾਵਨ ਪੋਥੀਆਂ ਅਤੇ ਗੁਰਮਤਿ ਲਿਟਰੇਚਰ ਪ੍ਰਾਪਤ ਕਰ ਸਕਣਗੀਆਂ। ਐਡਵੋਕੇਟ ਧਾਮੀ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਲਈ ਆਧੁਨਿਕ ਮਸ਼ੀਨ ਦੀ ਵੀ ਸ਼ੁਰੂਆਤ ਕੀਤੀ ਗਈ ਹੈ। ਇਸ ਮਸ਼ੀਨ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਵੇਲੇ ਇਕ 'ਸੇਵਾ ਪਛਾਣ ਅੰਕ' ਕੋਡ ਦੇ ਰੂਪ ਵਿਚ ਅੰਕਿਤ ਕੀਤਾ ਜਾਵੇਗਾ। ਇਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਸਬੰਧੀ ਜਾਣਕਾਰੀ ਨੂੰ ਸੰਭਾਲਿਆ ਜਾ ਸਕੇਗਾ, ਤਾਂ ਜੋ ਛਪਣ ਵਾਲੇ ਹਰ ਪਾਵਨ ਸਰੂਪ ਦੀ ਮੁਕੰਮਲ ਜਾਣਕਾਰੀ ਰੱਖੀ ਜਾ ਸਕੇ। ਇਸ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਕਾਰਸੇਵਾ ਵਾਲੇ ਮਹਾਂਪੁਰਖਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

# ਸੈਨ ਸਮਾਜ ਫਰੀ ਰਿਸ਼ਤੇ ਸਭਾ ਪੰਜਾਬ ਦੇ ਅਹੁਦੇਦਾਰਾਂ ਦਾ ਕੀਤਾ ਐਲਾਨ, ਪੇਧਨੀ ਬਣੇ ਪ੍ਰਧਾਨ



**ਧੂਰੀ ( ਰਣਜੀਤ ਸਿੰਘ ਪੇਧਨੀ )**-ਬਾਬਾ ਸੈਣ ਭਗਤ ਫਰੀ ਰਿਸ਼ਤੇ ਸੈਣ ਸਮਾਜ ਫ੍ਰੀ ਰਿਸ਼ਤੇ ਸਭਾ ਦੇ ਗਰੁੱਪ ਪੰਜਾਬ ਐਡਮਿੰਨਾਂ ਦੀ ਪਹਿਲੀ ਮੀਟਿੰਗ ਸਰਾਭਾ ਨਗਰ, ਲੁਧਿਆਣਾ ਵਿਖੇ ਹੋਈ। ਜਿਸ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਮੈਂਬਰਾਂ ਨੇ ਭਾਗ ਲਿਆ।

ਮੀਟਿੰਗ ਵਿੱਚ ਸਰਬਸੰਮਤੀ ਨਾਲ ਨਵੇਂ ਹੁਕਮਰਾਨਾ ਢਾਂਚੇ ਦੀ ਚੋਣ ਕੀਤੀ ਗਈ, ਜਿਸ ਅਧੀਨ ਹੇਠ ਲਿਖੇ ਮੈਂਬਰਾਂ ਨੂੰ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ: ਪ੍ਰਧਾਨ - ਡਾ. ਅਮਰੀਕ ਸਿੰਘ ਪੇਧਨੀ,ਉਪ ਪ੍ਰਧਾਨ - ਕੁਲਵਿੰਦਰ ਕਪੂਰ (ਜਲੰਧਰ), ਜਨਰਲ ਸਕੱਤਰ - ਬੂਟਾ ਸਿੰਘ,ਖਜਾਨਚੀ - ਹਰਮਿੰਦਰ ਸਿੰਘ (ਲੁਧਿਆਣਾ), ਸੋਸ਼ਲ ਮੀਡੀਆ ਸਲਾਹਕਾਰ - ਸੁਖਵੰਤ ਸਿੰਘ (ਫਰੀਦਕੋਟ),ਮੀਡੀਆ ਸਲਾਹਕਾਰ ਜਗਤਾਰ ਸਿੰਘ,ਐਕਟਿਵ ਮੈਂਬਰ ਮੈਡਮ ਹਰਜੀਤ ਕੌਰ (ਪਟਿਆਲਾ)

ਆਵਾਜ਼ਿ ਕੌਮ AWAZE QAUM International Newspaper & WEB TV

ਅਤੇ ਗੋਗੀ ਸਿੰਘ ਸਹਿਣਾ ਆਦਿ ਆਗੂਆਂ ਨੂੰ ਅਹੁਦੇਦਾਰ ਚੁਣਿਆ ਗਿਆ ਹੈ। ਇਸ ਮੌਕੇ ਚੁਣੇ ਗਏ ਅਹੁਦੇਦਾਰਾਂ ਨੇ ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਇਹ ਸਾਡੀ ਸੰਸਥਾ ਸਾਡੇ ਸਮਾਜ ਦੇ ਵਿੱਚ ਜੋ ਵੀ ਪੜੇ ਲਿਖੇ ਨੌਜਵਾਨ ਮੁੰਡੇ ਕੁੜੀਆਂ ਹਨ ਅਤੇ ਵਿਆਹੁਣ ਦੇ ਯੋਗ ਹਨ, ਉਹ ਲੋਟੂ ਵਿਚੋਲਿਆਂ ਦਾ ਸਕਾਰ ਹੋ ਰਹੇ ਹਨ, ਉਹਨਾਂ ਨੂੰ ਲੁੱਟ ਤੋਂ ਬਚਾਉਣ ਦੇ ਲਈ ਸਾਡੀ ਸੰਸਥਾ ਅਹਿਮ ਰੋਲ ਅਦਾ ਕਰੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ : +447458381111 +447976210161 +919729091243

### ਸ਼ਹੀਦ ਭਾਈ ਅਵਤਾਰ ਸਿੰਘ ਖੰਡਾ ਅਤੇ ਉਨ੍ਹਾਂ ਦੇ ਪਿਤਾ

# ਸ਼ਹੀਦ ਭਾਈ ਕੁਲਵੰਤ ਸਿੰਘ ਖੁਖਰਾਣਾ ਦੀ ਬਰਸੀ ਮਨਾਈ ਗਈ



ਕੱਲ 8 ਜੂਨ ਨੂੰ ਸ਼ਹੀਦ ਭਾਈ ਅਵਤਾਰ ਸਿੰਘ ਖੰਡਾ ਅਤੇ ਉਹਨਾਂ ਦੇ ਪਿਤਾ ਸ਼ਹੀਦ ਭਾਈ ਕੁਲਵੰਤ ਸਿੰਘ ਖੁਖਰਾਣਾ ਦੀ ਬਰਸੀ ਗੁਰਦੁਆਰਾ ਸਾਹਿਬ ਮੋਗਾ ਵਿਖੇ ਮਨਾਈ ਗਈ। ਇਸ ਮੌਕੇ ਭਾਰੀ ਸ਼ਹੀਦੀ ਸਮਾਗਮ ਹੋਇਆ। ਸਮਾਗਮ ਵਿੱਚ ਧਾਰਮਿਕ ਸ਼ਖਸ਼ੀਅਤਾਂ , ਪੰਥਕ ਆਗੂਆਂ ਅਤੇ 20 ਦੇ ਲਗਭਗ ਸ਼ਹੀਦ ਪਰਿਵਾਰ ਪੁੱਜੇ ਹੋਏ ਸਨ। ਸਟੇਜ ਦੀ ਸੇਵਾ ਭਾਈ ਸੁਖਰਾਜ ਸਿੰਘ ਨੇ ਨਿਭਾਈ। ਸਮਾਗਮ ਵਿੱਚ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ, ਭਾਈ ਰਾਮ ਸਿੰਘ ਦਮਦਮੀ ਟਕਸਾਲ ਸੰਗਰਾਵਾਂ, ਭਾਈ ਗੁਰਦੀਪ ਸਿੰਘ ਬਠਿੰਡਾ, ਸੁਖਜੀਤ ਸਿੰਘ ਖੋਸਾ ,ਮਨਜਿੰਦਰ ਸਿੰਘ ਈ.ਸੀ. , ਗਿਆਨ ਸਿੰਘ ਲੌਂਗੋਵਾਲ ਕੇਸ ਸਮੇਤ ਪੰਥਕ ਆਗੂਆਂ ਨੇ ਸਮਾਗਮ ਨੂੰ ਸੰਬੋਧਨ ਕੀਤਾ। ਭਾਈ ਅਵਤਾਰ ਸਿੰਘ ਖੰਡਾ ਦੀ ਮਾਤਾ ਬੀਬੀ ਚਰਨਜੀਤ ਕੌਰ ਅਤੇ ਖੰਡੇ ਦੀ ਭੈਣ ਅਤੇ ਹੋਰ ਸ਼ਹੀਦ ਪਰਿਵਾਰਾਂ ਨੂੰ ਸਨਮਾਨਿਤ ਕੀਤਾ। ਸਨਮਾਨਿਤ ਕਰਦੇ ਹੋਏ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ, ਭਾਈ ਰਾਮ ਸਿੰਘ ਸੰਗਰਾਵਾਂ , ਗੁਰਦੀਪ ਸਿੰਘ ਬਠਿੰਡਾ ਅਤੇ ਸੁਖਜੀਤ ਸਿੰਘ ਖੋਸਾ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਅਸਮਾਨ ਤੋਂ ਵਰਦੀ ਅੱਗ ਨੂੰ ਝੱਲਦਿਆਂ ਹੋਇਆਂ ਸਰਕਾਰੀ ਕਣਕ ਲੈਣ ਲਈ

# ਕਾਰਡ ਹੋਲਡਰਾਂ ਵੱਲੋਂ ਕੀਤਾ ਜਾ ਰਿਹਾ ਸੰਘਰਸ਼ : ਦਲਜੀਤ ਸਿੰਘ ਖਾਲਸਾ

**ਜੰਡਿਆਲਾ ਗੁਰੂ 9 ਜੂਨ ( ਕੁਲਵੰਤ ਸਿੰਘ ਵਿਰਦੀ )**-ਅੱਜ ਜੰਡਿਆਲਾ ਗੁਰੂ ਦੇ ਵਾਰਡ ਨੰਬਰ ਸੱਤ ਦੇ ਕਸਤੂਰੀ ਦੇ ਡਿਪੂ ਦੀ ਵੀਡੀਓ ਸੋਸ਼ਲ ਮੀਡੀਆ ਦੇ ਵ੍ਹਟਸਐਪ ਪਲੇਟਫਾਰਮ ਤੇ ਵਾਇਰਲ ਹੋ ਰਹੀ ਹੈ ਜਿਸ ਵਿੱਚ ਦੇਖਿਆ ਜਾਂ ਰਿਹਾ ਹੈ ਕਿ ਹਲਕਾ ਜੰਡਿਆਲਾ ਦੇ ਲੋਕ ਕਣਕ ਲੈਣ ਲਈ ਅਸਮਾਨ ਤੋਂ ਡਿੱਗ ਰਹੀ ਅੱਗ ਦਾ ਛੇਕ ਆਪਣੇ ਸਰੀਰਾਂ ਤੇ ਸਹਾਰਦਿਆਂ ਹੋਇਆਂ ਲੋਕ ਪ੍ਰੇਸ਼ਾਨ ਹੋ ਰਹੇ ਹਨ ਅਤੇ ਉਸ ਵਿੱਚ ਲੋਕ ਇਹ ਵੀ ਦੱਸ ਰਹੇ ਸਨ ਕਿ ਡਿਪੂ ਹੋਲਡਰ ਵਲੌਂ ਉਹਨਾਂ ਨੂੰ ਸਵੇਰ ਦੇ ਸੱਤ ਵਜੇਂ ਦਾ ਟਾਈਮ ਦਿੱਤਾ ਗਿਆ ਸੀ ਪਰ 11 ਵੱਜਣ ਤੇ ਵੀ ਡਿਪੂ ਹੋਲਡਰ ਉਥੇ ਨਹੀ ਪਹੁੰਚਿਆ ਜਿਸ ਕਾਰਨ ਲੋਕਾਂ ਨੂੰ ਅੱਤ ਦੀ ਗਰਮੀ ਦਾ ਕਹਿਰ ਝੱਲਣਾ ਪੈ ਰਿਹਾ ਹੈ ।ਪੱਤਰਕਾਰਾ ਦੀ ਟੀਮ ਵੱਲੌਂ ਜਦੋਂ ਲੋਕਾ ਦੀ ਇਸ ਮੁਸ਼ਕਲ ਬਾਰੇ ਪਤਾ ਲੱਗਿਆ ਤਾਂ ਉਹ ਕਸਤੂਰੀ ਦੇ ਡਿਪੂ ਤੇ ਜਾ ਕੇ ਓਹਨਾ ਲੋਕਾ ਨਾਲ ਗੱਲਬਾਤ ਕੀਤੀ ਗਈ ਜਿਸ ਵਿੱਚ ਲੋਕਾਂ ਵਲੌਂ ਦੱਸਿਆ ਗਿਆ ਕਿ ਡਿਪੂਆਂ ਵਾਲੇ ਸਾਨੂੰ ਕਣਕ ਆਉਣ ਦੀ ਕੋਈ ਵੀ ਜਾਣਕਾਰੀ ਨਹੀਂ ਦਿੰਦੇ ਡਿਪੂ ਹੋਲਡਰਾਂ ਨੂੰ ਅਸੀ ਦੋ ਦੋ ਫ਼ੋਨ ਨੰਬਰ ਲਿਖਵਾਏ ਹਨ ਪਰ ਇਹ ਸਾਨੂੰ ਇਕ ਤੇ ਵੀ ਫ਼ੋਨ ਨਹੀ ਕਰਦਾ ਅਤੇ ਸਾਡੇ ਵਲੌਂ ਪੁੱਛਣ ਤੇ ਡਿਪੂ ਵਾਲਾ ਕਹਿੰਦਾ ਹੈ ਕਿ ਮੈਂ ਤੁਹਨੂੰ ਫ਼ੋਨ ਕੀਤਾ ਪਰ ਤੁਸੀਂ ਚੁੱਕਿਆ ਨਹੀ । ਅਸੀ ਆਪਣੀਆ ਦਿਹਾੜੀਆਂ ਭੰਨ ਕੇ ਕਣਕ ਲੈਣ ਆਉਂਦੇ ਹਾਂ ਪਰ ਫਿਰ ਵੀ ਸਾਨੂੰ ਟਾਈਮ ਤੇ ਕਣਕ ਨਹੀਂ ਦਿੱਤੀ ਜਾਂਦੀ ਤੇ ਬਾਦ ਵਿੱਚ ਬਹਾਨੇ ਬਣਾ ਕੇ ਕਈ ਲੋਕਾ ਦੀ ਪਰਚੀ ਨਾ ਮਿਲਣ ਕਾਰਨ ਕਣਕ ਕੱਟ ਦਿੱਤੀ ਜਾਂਦੀ ਹੈ ਤੇ ਕਈ ਇਹੋ ਜਿਹੇ ਗਰੀਬ ਲੋਕ ਹਨ ਜਿਨ੍ਹਾਂ ਨੂੰ ਸਰਕਾਰੀ ਕਣਕ ਦੀ ਬਹੁਤ ਲੋੜ ਹੋਣ ਦੇ ਬਾਵਜੂਦ ਵੀ ਕਣਕ ਨਹੀਂ ਮਿਲਦੀ ਅਤੇ ਇਹ ਸਾਡੇ ਨਾਲ ਬਹੁਤ ਹੀ ਗਲਤ ਭਾਸ਼ਾ ਦੀ ਵਰਤੋ ਕਰਦਾ ਹੈ ।ਇਸ ਤੌਂ ਇਲਾਵਾ ਉਥੇ ਨਾ ਕੋਈ ਪੀਣ ਦੇ ਪਾਣੀ ਦਾ ਪ੍ਰਬੰਧ ਅਤੇ ਨਾ ਕੋਈ ਚਾਨਣੀ ਦਾ ਪ੍ਰਬੰਧ ਹੈ। ਇਸ ਮੌਕੇ ਇਕ ਕਾਰਡ ਹੋਲਡਰ ਨੇ ਆਪਣੀ ਹੱਡਬੀਤੀ ਸੁਣਾਉਂਦਿਆਂ ਹੋਇਆ ਦੱਸਿਆ ਕਿ ਮੇਰਾ ਕਾਰਡ ਸੇਰੇ ਦੇ ਡੀਪੂ ਤੇ ਹੈ ਮੈਨੂੰ ਦੋ ਸਾਲ ਹੋ ਗਏ ਕਣਕ ਨਹੀਂ ਮਿਲੀ ਅੱਜ ਮੈਂ ਇਥੇ ਕਸਤੂਰੀ ਦੇ ਡੀਪੂ ਤੇ ਆਇਆ ਹਾਂ ਸਾਇਦ ਤੁਕਾ ਲੱਗ ਜਾਵੇ ਪਰ ਅਜੇ ਤੱਕ ਇਥੇ ਵੀ ਪਰਚੀ ਨਹੀ ਕੱਟੀ ਗਈ ਸਿਰਫ ਇਹੋ ਡਿਪੂ ਦਾ ਹਾਲ ਨਹੀਂ ਹਲਕੇ ਵਿੱਚ ਜਿੰਨੇ ਵੀ ਹੋਰ ਡਿਪੂ ਵਾਲੇ ਨੇ ਜੋ ਇਸੇ ਤਰਾਂ ਕਰਦੇ ਹਨ। ਲੋਕਾਂ ਵਲੋਂ ਇਹ ਵੀ ਕਿਹਾ ਗਿਆ ਕਿ ਅਸੀ ਤਾਂ ਇਹ ਸਰਕਾਰ ਆਪਨੇ ਭਲੇ ਲਈ ਬਦਲੀ ਸੀ ਕਿ ਮਾਣਯੋਗ ਭਗਵੰਤ ਸਿੰਘ ਮਾਨ ਵਲੋ ਲੋਕਾਂ ਨੂੰ ਬਹੁਤ ਵੱਡੇ ਵੱਡੇ ਵਾਅਦੇ ਕੀਤੇ ਗਏ ਸੀ ਕਿ ਘਰ ਘਰ ਜਾ ਕੇ ਕਣਕ ਵੰਡੀ ਜਾਏਗੀ ਪਰ ਇਸ ਵਾਅਦੇ ਦਾ ਕੁੱਝ ਨਹੀ ਹੋਇਆ ਪੱਤਰਕਾਰਾਂ ਵੱਲੋ ਡਿੱਪੂ ਹੋਲਡਰ ਨਾਲ ਵੀ ਗੱਲ ਕੀਤੀ ਗਈ ਅਤੇ ਡਿਪੂ ਹੋਲਡਰ ਲੋਕਾਂ ਵਲੋ ਲਾਏ ਜਾਂ ਰਹੇ ਇਲਜ਼ਾਮਾਂ ਨੂੰ ਨਕਾਰਦਿਆਂ ਹੋਇਆਂ ਕਿਹਾ ਕਿ ਮੇਰੇ ਵਲੌਂ ਕਿਸੇ ਨੂੰ ਵੀ ਸੱਤ ਵਜੇ ਦਾ ਟਾਈਮ ਨਹੀ ਦਿੱਤਾ ਗਿਆ ਅਤੇ ਮੈਂ ਕਿਸੇ ਨਾਲ ਵੀ ਗਲਤ ਭਾਸ਼ਾ ਦੀ ਵਰਤੋਂ ਨਹੀ ਕੀਤੀ ।ਮੌਕੇ ਤੇ ਪਹੁੰਚੇ ਕਿਸਾਨ ਯੂਨੀਅਨ ਦੇ ਪ੍ਰਧਾਨ ਦਲਜੀਤ ਸਿੰਘ ਖਾਲਸਾ ਨੇ ਕਿਹਾ ਕਿ ਇਸ ਤਰ੍ਹਾਂ ਦੀ ਕਿਉ ਨੌਬਤ ਆਉਂਦੀ ਹੈ ਕਿ ਜਨਤਾ ਵੱਲੋਂ ਅਤੇ ਜਨਤਾ ਦੀ ਅਵਾਜ ਸਾਨੂੰ ਚੁੱਕਣੀ ਪੈ ਰਹੀ ਹੈ । ਲੋਕਾ ਦੀ ਮੁਸ਼ਕਲ ਦਾ ਹੱਲ ਸਰਕਾਰ ਨੂੰ ਕਰਨਾ ਚਾਹੀਦਾ ਹੈ ਪਰ ਇਹਨਾਂ ਗਰੀਬ ਜਨਤਾ ਦੀ ਕੋਈ ਨਹੀਂ ਸੁਣਦਾ ਇਸਦੇ ਉਲਟ ਹੈ ਇਹ ਡਿਪੂ ਵਾਲੇ ਲੋਕਾ ਨੂੰ ਬਹੁਤ ਤੰਗ ਪ੍ਰੇਸ਼ਾਨ ਕਰਦੇ ਹਨ ਸਰਕਾਰ ਨੂੰ ਚਾਹੀਦਾ ਹੈ ਕਿ ਡੀਪੂ ਦੇ ਲਾਇਸੈਂਸ ਓਹਨਾ ਬੰਦਿਆ ਨੂੰ ਦਿਤੇ ਜਾਣ ਜੋ ਇਨਾਂ ਗਰੀਬ ਵਰਗ ਦੇ ਲੋਕਾਂ ਲਈ ਸਮਾਂ ਕੱਢ ਸਕਣ ਅਤੇ ਆਪਣਾ ਕੰਮ ਇਮਾਨਦਾਰੀ ਨਾਲ ਇਹਨਾ ਗਰੀਬ ਲੋਕਾਂ ਦੇ ਹੱਕ ਲਈ ਕਰਨ।



**ਦੋ ਸਾਲ ਬਾਅਦ ਵੀ ਸਾਇਦ ਹੀ ਮਿਲੇਗੀ ਕਣਕ ਕਾਰਡ ਹੋਲਡਰ**

ਆਵਾਜ਼ਿ ਕੌਮ AWAZE QAUM International Newspaper & WEB TV

# ਜੂਨ 1984 ਘੱਲੂਘਾਰੇ ਦੇ ਸ਼ਹੀਦ ਭਾਈ ਬਲਦੇਵ ਸਿੰਘ ਜੇਠੂਵਾਲ ਦੀ 41ਵੀਂ ਬਰਸੀ ਮਨਾਈ ਗਈ




**ਨਵੀਂ ਦਿੱਲੀ, 9 ਜੂਨ (ਮਨਪ੍ਰੀਤ ਸਿੰਘ ਖਾਲਸਾ)**-ਜੂਨ 1984 ਵਿਚ ਵਾਪਰੇ ਤੀਸਰੇ ਘੱਲੂਘਾਰੇ ਦੌਰਾਨ ਸ਼ਹਾਦਤ ਦਾ ਜਾਮ ਪੀਣ ਵਾਲੇ ਸਮੂਹ ਸ਼ਹੀਦ ਸਿੰਘ-ਸਿੰਘਣੀਆਂ ਭੁਝੰਗੀਆ ਦੀ ਯਾਦ ਅੰਦਰ ਸ਼ਹੀਦ ਭਾਈ ਬਲਦੇਵ ਸਿੰਘ ਜੀ ਦੀ 41ਵੀਂ ਬਰਸੀ ਗੁਰਦੁਆਰਾ ਬਾਬੇ ਸ਼ਹੀਦਾਂ ਸਾਹਿਬ ਵਿਖੇ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਦੇ ਸਹਿਯੋਗ ਸਦਕਾ ਮਨਾਈ ਗਈ। ਭਾਈ ਸ਼ਮਸ਼ੇਰ ਸਿੰਘ ਜੇਠੂਵਾਲ ਵਲੋਂ ਭੇਜੀ ਗਈ ਜਾਣਕਾਰੀ ਮੁਤਾਬਿਕ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਦਮਦਮੀ ਟਕਸਾਲ ਦੇ ਹਜ਼ੂਰੀ ਰਾਗੀ ਭਾਈ ਲਵਪ੍ਰੀਤ ਸਿੰਘ ਸਿੰਘ ਜੀ ਦੇ ਜਥੇ ਵਲੋਂ ਇਲਾਹੀ ਗੁਰਬਾਣੀ ਦੇ ਕੀਰਤਨ ਦੀ ਸੇਵਾ ਨਿਭਾਈ,ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਜੀ ਵਲੋਂ ਸ਼ਹੀਦੀ ਪ੍ਰੰਪਰਾ ਤੇ ਗੁਰਬਾਣੀ ਇਤਿਹਾਸ ਚੋਂ ਭਾਵਪੂਰਤ ਵਿਚਾਰ ਰੱਖੇ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਪ੍ਰਬੰਧਕ ਜਥੇਦਾਰ ਅਨੂਪ ਸਿੰਘ, ਜਥੇਦਾਰ ਦਿਲਦਾਰ ਸਿੰਘ ਵਲੋਂ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਸੀ ਅਤੇ ਸ਼ਹੀਦ ਭਾਈ ਬਲਦੇਵ ਸਿੰਘ ਜੀ ਦੀ ਸਪੁੱਤਰੀ ਬੀਬੀ ਜਸਬੀਰ ਕੌਰ ਦਾ ਸਨਮਾਨ ਕੀਤਾ ਗਿਆ ।ਇਸ ਮੌਕੇ ਇਸ ਮੌਕੇ ਸਾਬਕਾ ਸਰਪੰਚ ਅਨੂਪ ਸਿੰਘ, ਦਿਲਦਾਰ ਸਿੰਘ ਢਿਲੋਂ, ਜਥੇਦਾਰ ਬਲਵਿੰਦਰ ਸਿੰਘ ਜੋਧਪੁਰੀ, ਹਰਪਾਲ ਸਿੰਘ ਬੁੱਟਰ, ਕੁਲਦੀਪ ਸਿੰਘ ਸੈਕਟਰੀ, ਸ਼ਮਸ਼ੇਰ ਸਿੰਘ ਜੇਠੂਵਾਲ, ਕਰਮ ਸਿੰਘ ਗਿੱਲ, ਜਥੇਦਾਰ ਬਲਬੀਰ ਸਿੰਘ ਦਸਮੇਸ਼ ਤਰਨਾ ਦਲ, ਉਸਤਾਦ ਮੰਗਲ ਸਿੰਘ, ਸੁਖਜਿੰਦਰ ਸਿੰਘ, ਬਾਬਾ ਕਰਨੈਲ ਸਿੰਘ, ਕੁਲਦੀਪ ਸਿੰਘ ਨੰਬਰਦਾਰ, ਜਸਵਿੰਦਰ ਸਿੰਘ ਲਾਲੀ, ਪਰਮਜੀਤ ਸਿੰਘ, ਸਾਹਿਬ ਸਿੰਘ ਢਿਲੋਂ, ਜਥੇਦਾਰ ਸੰਤੋਖ ਸਿੰਘ, ਇੰਸਪੈਕਟਰ ਹਰਦਿਆਲ ਸਿੰਘ,ਸੁਰਜੀਤ ਸਿੰਘ ਫੌਜੀ, ਬਾਬਾ ਚਤਰ ਸਿੰਘ, ਤਰਸੇਮ ਸਿੰਘ, ਤਸਵੀਰ ਸਿੰਘ ਫੌਜੀ, ਸਵਿੰਦਰ ਸਿੰਘ, ਦਿਲਬਾਗ ਸਿੰਘ, ਢਾਡੀ ਨਿਰਮਲ ਸਿੰਘ, ਸੁਖਵਿੰਦਰ ਸਿੰਘ, ਮਲੂਕ ਸਿੰਘ, ਪ੍ਰਿੰਸਪਾਲ ਸਿੰਘ, ਗਿਆਨੀ ਦਲਜੀਤ ਸਿੰਘ ਮੱਲੂਵਾਲ ਆਦਿ ਹਾਜਰ ਸਨ ।

ਆਵਾਜ਼ਿ ਕੌਮ AWAZE QAUM International Newspaper & WEB TV

## ਸ਼ਹੀਦ ਭਾਈ ਬਲਦੇਵ ਸਿੰਘ ਹਵਾਰਾ ਦੇ ਮਾਤਾ ਬੀਬੀ ਕੇਸਰ ਕੌਰ ਜੀ ਦੇ ਅਕਾਲ ਚਲਾਣੇ ’ਤੇ ਗਹਿਰੇ ਦੁੱਖ ਦਾ ਪ੍ਰਗਟਾਵਾ: ਪੰਥਕ ਜਥੇਬੰਦੀਆਂ ਯੂਰਪ

### ਮਾਤਾ ਜੀ ਦੀ ਅੰਤਿਮ ਅਰਦਾਸ 14 ਜੂਨ ਨੂੰ ਪਿੰਡ ਹਵਾਰਾ ਕਲਾਂ ਨੇੜੇ ਖਮਾਣੋ ਵਿਖ਼ੇ ਦੁਪਹਿਰ 1 ਵਜੇ

ਨਵੀਂ ਦਿੱਲੀ 9 ਜੂਨ (ਮਨਪ੍ਰੀਤ ਸਿੰਘ ਖਾਲਸਾ):- ਜੂਨ 1984 ਚ ਭਾਰਤੀ ਹੁਕਮਰਾਨ ਵੱਲੋਂ ਟੈਂਕਾਂ ਤੋਪਾਂ ਨਾਲ ਦਰਬਾਰ ਸਾਹਿਬ ਅੰਮ੍ਰਿਤਸਰ , ਅਕਾਲ ਤਖ਼ਤ ਸਾਹਿਬ ਸਮੇਤ ਪੰਜਾਬ ਦੇ 37 ਹੋਰ ਗੁਰਧਾਮਾਂ ਤੇ ਹਮਲੇ ਨੇ ਸਿੱਖਾਂ ਦੇ ਹਿਰਦਿਆ ਦੇ ਇੰਨੇ ਡੂੰਘੇ ਜ਼ਖ਼ਮ ਦਿੱਤੇ ਸਿੱਖ ਨੌਜਵਾਨੀ ਅਪਣੇ ਗੁਰਧਾਮਾਂ ਦਾ ਬਦਲਾ ਲੈਣ ਲਈ ਸਿੱਖੀ ਸਿਧਾਤਾ ਅਨੁਸਾਰ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਹਥਿਆਰਬੰਦ ਸੰਘਰਸ਼ ਸ਼ੁਰੂ ਕੀਤਾ। ਇਸ ਸੰਘਰਸ਼ ਵਿੱਚ ਸਿੰਘ ਆਪ ਤਾਂ ਸੇਵਾਵਾਂ ਨਿਭਾਅ ਹੀ ਰਹੇ ਸਨ ਉਸ ਦੇ ਨਾਲ ਨਾਲ ਹੋਰ ਸਿੰਘਾਂ ਨੂੰ ਵੀ ਸਿੱਖਾਂ ਨਾਲ ਭਾਰਤੀ ਹੁਕਮਰਾਨ ਵੱਲੋਂ ਕੀਤੇ ਜਾਅ ਰਹੇ ਜ਼ੁਲਮ ਦੀ ਦਾਸਤਾਨ ਅਤੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਦੇ ਉਹ ਬਚਨ “ਜਿਸ ਦਿਨ ਦਰਬਾਰ ਸਾਹਿਬ ਤੇ ਭਾਰਤੀ ਫੌਜ ਦੇ ਕਦਮ ਪਏ ਤਾਂ ਖਾਲਸਿਤਾਨ ਦੀ ਨੀਂਹ ਰੱਖੀ ਜਾਵਗੀ “ ਲਈ ਪ੍ਰੇਰਦੇ। ਇਹਨਾਂ ਸਿੰਘਾਂ ਵਿੱਚੋਂ ਇੱਕ ਬੱਬਰ ਖਾਲਸਾ ਨਾਲ ਸਬੰਧਤ ਸ਼ਹੀਦ ਭਾਈ ਬਲਦੇਵ ਸਿੰਘ ਹਵਾਰਾ ਜੀ ਸਨ। ਜਿਹਨਾ ਦੀ ਪ੍ਰੇਰਨਾ ਦਾ ਸਦਕਾ ਅਨੇਕ ਸਿੰਘ ਸੰਘਰਸ਼ ਚ ਕੁੱਦੇ ਪੰਥਕ ਸੇਵਾਵਾਂ ਨਿਭਾਉਂਦੇ ਸ਼ਹੀਦ ਵੀ ਹੋਏ ਅਤੇ ਲੰਮਾ ਲੰਮਾ ਸਮਾਂ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਚ ਵੀ ਗੁਜ਼ਾਰਿਆ। ਭਾਈ ਜਗਤਾਰ ਸਿੰਘ ਹਵਾਰਾ ਇਸ ਸੰਘਰਸ਼ ਚ ਸ਼ਹੀਦ ਭਾਈ ਬਲਦੇਵ ਸਿੰਘ ਬੱਬਰ ਦੀ ਪ੍ਰੇਰਨਾ ਸਦਕਾ ਹੀ ਸੰਘਰਸ਼ ਦੀਆਂ ਸੇਵਾਵਾਂ ਚ ਆਏ। ਭਾਈ ਸਾਹਿਬ ਦੇ ਸੰਘਰਸ਼ੀ ਜੀਵਨ ਦੌਰਾਨ ਪਰਿਵਾਰ ਉੱਪਰ ਜੋ ਸਰਕਾਰੀ ਤਸੱਦਦ ਦੀ ਦਾਸਤਾਨ ਹੈ ਉਹ ਸਬਦੋ ਬਾਹਰ ਦੀ ਗੱਲ ਹੈ। ਇਸ ਦੇ ਬਾਵਜੂਦ ਵੀ ਪਰਿਵਾਰ ਨੇ ਸੰਘਰਸ਼ ਦਾ ਰਾਹ ਨਹੀ ਛੱਡਿਆ। ਸ਼ਹੀਦ ਭਾਈ ਬਲਦੇਵ ਸਿੰਘ ਬੱਬਰ ਦੇ ਨਜਦੀਕੀ ਰਿਸਤੇਸਾਰ ਭਾਈ ਰਜਿੰਦਰ ਸਿੰਘ ਬੱਬਰ ਲੰਮੇ ਸਮੇਂ ਤੋਂ ਜਰਮਨੀ ਚ ਜਲਾਵਤਨੀ ਦਾ ਜੀਵਨ ਹੰਢਾ ਰਹੇ ਚੱਲਦੇ ਸੰਘਰਸ਼ ਚ ਬਾਅਖ਼ੂਬੀ ਸੇਵਾਵਾਂ ਨਿਭਾਅ ਰਹੇ ਹਨ। ਯੂਰਪ ਦੀਆਂ ਪੰਥਕ ਜਥੇਬੰਦੀਆਂ ਦੇ ਸਰਗਰਮ ਆਗੂ ਜਥੇਦਾਰ ਰੇਸ਼ਮ ਸਿੰਘ ਬੱਬਰ, ਜਥੇਦਾਰ ਸਤਨਾਮ ਸਿੰਘ ਬੱਬਰ, ਭਾਈ ਅਵਤਾਰ ਸਿੰਘ ਬੱਬਰ, ਭਾਈ ਤਰਲੋਕ ਸਿੰਘ , ਭਾਈ ਪ੍ਰਤਾਪ ਸਿੰਘ, ਭਾਈ ਰਾਮਪਾਲ ਸਿੰਘ, ਭਾਈ ਹਰਜੋਤ ਸਿੰਘ, ਭਾਈ ਬਲਜਿੰਦਰ ਸਿੰਘ , ਸਿੱਖ ਫੈਡਰੇਸ਼ਨ ਜਰਮਨੀ ਭਾਈ ਗੁਰਮੀਤ ਸਿੰਘ ਖਨਿਆਣ, ਭਾਈ ਗੁਰਦਿਆਲ ਸਿੰਘ ਲਾਲੀ, ਭਾਈ ਸੁੱਖਦੇਵ ਸਿੰਘ ਹੇਰਾਂ, ਭਾਈ ਅਮਰਜੀਤ ਸਿੰਘ ਮੰਗੂਪੁਰ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਭਾਈ ਹੀਰਾ ਸਿੰਘ ਮੱਤੇਵਾਲ, ਦਲ ਖ਼ਾਲਸਾ ਜਰਮਨੀ ਭਾਈ ਗੁਰਦੀਪ ਸਿੰਘ ਪ੍ਰਦੇਸੀ, ਭਾਈ ਅੰਗਰੇਜ਼ ਸਿੰਘ, ਇਟਰਨੈਨਲ ਸਿੱਖ ਫੈਡਰੇਸ਼ਨ ਭਾਈ ਲਖਵਿੰਦਰ ਸਿੰਘ ਮੱਲ੍ਹੀ, ਸਿੱਖ ਫੈਡਰੇਸ਼ਨ ਫਰਾਂਸ ਭਾਈ ਕਸ਼ਮੀਰ ਸਿੰਘ ਗੋਸਲ, ਭਾਈ ਰਘਵੀਰ ਸਿੰਘ ਕੋਹਾੜ, ਸਿੱਖ ਫਡਰੇਸ਼ਨ ਬੈਲਜੀਅਮ ਭਾਈ ਮਨਜੋਤ ਸਿੰਘ ਭੂਰਾ, ਭਾਈ ਪ੍ਰਿਥੀਪਾਲ ਸਿੰਘ ਪਟਵਾਰੀ ਵੱਲੋਂ ਪਰਿਵਾਰ ਨਾਲ ਮਾਤਾ ਕੇਸਰ ਕੌਰ ਜੀ ਦੇ ਸਦੀਵੀ ਵਿਛੋੜੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਅਕਾਲ ਪੁਰਖ ਮਾਤਾ ਜੀ ਦੀ ਵਿੱਛੜੀ ਆਤਮਾ ਨੂੰ ਅਪਣੇ ਚਰਨਾਂ ਚ ਨਿਵਾਸ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਮਾਤਾ ਜੀ ਦੀ ਅੰਤਿਮ ਅਰਦਾਸ 14 ਜੂਨ ਦਿਨ ਸਨਿੱਚਰਵਾਰ ਪਿੰਡ ਹਵਾਰਾ ਕਲਾਂ ਨੇੜੇ ਖਮਾਣੋ ਦੁਪਿਹਰ 1 ਵਜੇ ਹੋਵੇਗੀ। ਇਲਾਕਾ ਨਿਵਾਸੀ ਸੰਗਤਾਂ ਨੂੰ ਅਰਦਾਸ ਚ ਸ਼ਾਮਲ ਹੋ ਵਿੱਛੜੀ ਆਤਮਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

### ਕੈਨੇਡੀਅਨ ਸਿੱਖਾਂ ਵਲੋਂ ਜੂਨ 84 ਦੇ ਘਲੂਘਾਰੇ ਦੇ ਵਿਰੋਧ ਵਿਚ

# ਭਾਰਤੀ ਅੰਬੈਸੀ ਮੂਹਰੇ ਭਾਰੀ ਵਿਰੋਧ ਪ੍ਰਦਰਸ਼ਨ




ਨਵੀਂ ਦਿੱਲੀ 9 ਜੂਨ (ਮਨਪ੍ਰੀਤ ਸਿੰਘ ਖਾਲਸਾ):- ਹਰ ਸਾਲ ਦੀ ਤਰਾ ਇਸ ਸਾਲ ਵੀ ਵੈਨਕੂਵਰ ਦੀ ਆਰਟ ਗੈਲਰੀ ਵਿੱਚ ਜੂਨ 1984 ਦੇ ਸ਼ਹੀਦਾਂ ਨੂੰ ਸਮਰਪਿਤ ਅਤੇ ਨਾਲ-ਨਾਲ ਮੌਜੂਦਾ ਸਮੇਂ ਦੇ ਸ਼ਹੀਦਾ ਦੀ ਯਾਦ ਦੇ ਵਿਚ ਉਚੇਚੇ ਤੌਰ ਤੇ ਸਮਾਗਮ ਉਲੀਕੇ ਗਏ ਸਨ ।ਉਲੀਕੇ ਗਏ ਪ੍ਰੋਗਰਾਮ ਵਿਚ ਵਿਸ਼ੇਸ਼ ਤੌਰ ਤੇ ਯੂਨੀਵਰਸਿਟੀ ਦੇ ਬੱਚਿਆਂ ਦੇ ਨਾਲ ਸੈਂਕੜਿਆਂ ਦੀ ਗਿਣਤੀ ਅੰਦਰ ਸੰਗਤਾਂ ਨੇ ਸ਼ਮੂਲੀਅਤ ਕਰਦਿਆਂ ਸ਼ਹੀਦਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕੀਤੇ ਸਨ । ਇਸ ਮੌਕੇ ਪ੍ਰਬੰਧਕਾਂ ਵਲੋਂ ਵਿਸ਼ੇਸ਼ ਤੌਰ ਫੌਜ ਵਲੋਂ ਕੀਤੇ ਗਏ ਹਮਲੇ ਦੀਆਂ ਫੋਟੋਆਂ ਦਾ ਪ੍ਰਦਰਸ਼ਨ ਕਰਕੇ ਸੰਗਤਾਂ ਨੂੰ ਜਾਣਕਾਰੀ ਦਿੱਤੀ ਗਈ ਸੀ । ਪ੍ਰੋਗਰਾਮ ਦੌਰਾਨ ਬੁਲਾਰਿਆਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਦੇ ਨਾਲ ਚੱਲ ਰਹੇ ਆਜ਼ਾਦੀ ਦੇ ਮੌਜੂਦਾ ਸੰਘਰਸ਼ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਉਣ ਨੂੰ ਕਿਹਾ। ਸੰਗਤ ਨੂੰ ਸੰਬੋਧਨ ਕਰਦਿਆਂ ਭਾਈ ਗੁਰਮੀਤ ਸਿੰਘ ਜੀ ਤੂਰ ਨੇ ਸੰਗਤਾਂ ਨੂੰ ਤੱਤਕਾਲੀ ਸਰਕਾਰ ਵਲੋਂ ਸ੍ਰੀ ਦਰਬਾਰ ਸਾਹਿਬ, ਅਕਾਲ ਤਖਤ ਸਾਹਿਬ ਅਤੇ 37 ਹੋਰ ਗੁਰਦੁਆਰਿਆ ਉਪਰ ਚੜ੍ਹਾਈ ਗਈ ਹਿੰਦੁਸਤਾਨੀ ਫੌਜ ਨਾਲ ਟਾਕਰਾ ਕਰਦੇ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆ ਦੀ ਅਗਵਾਈ ਹੇਠ ਮੁੱਠੀ ਭਰ ਸਿੰਘਾਂ ਦੇ ਫਖਰ ਭਰੇ ਇਤਿਹਾਸ ਦਾ ਜਿਕਰ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਇਹੋ ਹੈ ਕਿ ਅਸੀਂ ਪੰਥ ਕੌਮ ਦੇ ਰਸਤੇ ਤੇ ਤੁਰਕੇ ਅਜ਼ਾਦੀ ਦੀ ਲੜਾਈ ਵਿਚ ਆਪਣਾ ਯੋਗਦਾਨ ਪਾਈਏ।ਉਨ੍ਹਾਂ ਕਿਹਾ ਕਿ ਖਾਲਿਸਤਾਨ ਦੀ ਨੀਹ ਰੱਖੀ ਗਈ ਹੈ ਅਸੀਂ ਉਹਨਾਂ ਨੀਹਾਂ ਤੇ ਖਾਲਸਾ ਰਾਜ ਦੀ ਉਸਾਰੀ ਕਰਨੀ ਹੈ ਅਤੇ ਸ਼ਹੀਦਾਂ ਨੂੰ ਸਮਰਪਿਤ ਹੁੰਦਿਆਂ ਉਨ੍ਹਾਂ ਦਾ ਸੁਫਨਾ ਸਾਕਾਰ ਕਰਣਾ ਹੈ। ਐਸਐਫਜੇ ਦੇ ਭਾਈ ਮਨਜਿੰਦਰ ਸਿੰਘ ਨੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਰਲਕੇ, ਇਕੱਠੇ ਹੋਕੇ ਪੰਥ ਦੀ ਏਕਤਾ ਵਧਾਈਏ ।ਉਨ੍ਹਾਂ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੋ ਕਿ ਕੈਲਗਰੀ ਆ ਰਹੇ ਹਨ ਉਨ੍ਹਾਂ ਦਾ ਵੱਧ ਤੋਂ ਵੱਧ ਵਿਰੋਧ ਅਤੇ ਘਿਰਾਵ ਕੀਤਾ ਜਾਣਾ ਚਾਹੀਦਾ ਹੈ ਕਿਉਕਿ ਉਨ੍ਹਾਂ ਦੀ ਸਰਪ੍ਰਸਤੀ ਹੇਠ ਵਿਦੇਸ਼ਾਂ ਅੰਦਰ ਸਿੱਖਾਂ ਨੂੰ ਕਤਲ ਅਤੇ ਕਤਲ ਕਰਣ ਦੀ ਸਾਜ਼ਿਸ਼ ਖੇਡੀ ਗਈ ਹੈ । ਉਹਨਾਂ ਨੇ ਸਮੂਹ ਸਿੱਖ ਜਥੇਬੰਦੀਆਂ ਅਤੇ ਗੁਰੂ ਘਰ ਦੀਆਂ ਕਮੇਟੀਆਂ ਨੂੰ ਬੇਨਤੀ ਕੀਤੀ ਕਿ ਆਪਸੀ ਮੱਤਭੇਦ ਭੁਲਾ ਕੇ ਸਾਨੂੰ ਆਪਣੇ ਦੁਸ਼ਮਣ ਦਾ ਇਕੱਠੇ ਹੋਕੇ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ । ਆਰਟ ਗੈਲਰੀ ਤੋਂ ਬਾਅਦ ਸੰਗਤਾਂ ਨੇ ਭਾਰਤੀ ਐਂਬੈਸੀ ਦਾ ਘਿਰਾਓ ਕਰਦਿਆਂ ਖਾਲਸਾਈ ਜੈਕਾਰਿਆ ਨਾਲ ਗੁੰਜਾ ਪਾ ਦਿਤੀਆਂ ਤੇ ਭਾਰਤੀ ਝੰਡੇ ਦੀ ਬੇਹੁਰਮਤੀ ਕਰਦਿਆਂ ਉਸਨੂੰ ਲੀਰੋ-ਲੀਰ ਕਰ ਦਿੱਤਾ । ਇਸ ਰੋਸ ਪ੍ਰਦਰਸ਼ਨ ਵਿਚ ਭਾਈ ਗੁਰਮੀਤ ਸਿੰਘ ਤੂਰ, ਭਾਈ ਨਰਿੰਦਰ ਸਿੰਘ ਰੰਧਾਵਾ, ਭਾਈ ਅਵਤਾਰ ਸਿੰਘ ਖਹਿਰਾ, ਭਾਈ ਗੁਰਮੀਤ ਸਿੰਘ ਗਿੱਲ, ਭਾਈ ਅਜੈਪਾਲ ਸਿੰਘ ਅਤੇ ਭਾਈ ਜੈਗ ਸਿੰਘ ਦੇ ਨਾਲ ਵਡੀ ਗਿਣਤੀ ਅੰਦਰ ਸੰਗਤਾਂ ਹਾਜਿਰ ਸਨ।

## ਵੈਨਕੂਵਰ ਦੇ ਆਰਟ ਗੈਲਰੀ ਵਿਖ਼ੇ ਸ਼ਹੀਦਾਂ ਦੀ ਯਾਦ ਵਿਚ ਹੋਇਆ ਯਾਦਗਾਰੀ ਸ਼ਹੀਦੀ ਸਮਾਗਮ

ਆਵਾਜ਼ਿ ਕੌਮ AWAZE QAUM International Newspaper & WEB TV

# ਨਹਿਰੀ ਪਾਣੀ ਮਿਲਣ ਸਦਕਾ ਹਲਕਾ ਸੰਗਰੂਰ ਦੇ ਕਿਸਾਨ ਬਾਗੋਬਾਗ: ਨਰਿੰਦਰ ਕੌਰ ਭਰਾਜ

☛ ਹਲਕਾ ਵਿਧਾਇਕ ਨੇ ਪਿੰਡ ਬਾਲੀਆਂ, ਭਿੰਡਰਾਂ ਤੇ ਕਾਲਾਝਾੜ ਵਿਖੇ ਕਰੀਬ 02 ਕਰੋੜ ਰੁਪਏ ਦੀ ਲਾਗਤ ਨਾਲ ਬਣਾਏ ਜਾ ਰਹੇ ਪੱਕੇ ਖਾਲਾਂ ਅਤੇ ਪਾਈਆਂ ਜਾ ਰਹੀਆਂ ਪਾਈਪ ਲਾਈਨਾਂ ਦੇ ਕੰਮ ਦਾ ਲਿਆ ਜਾਇਜ਼ਾ ☛ ਕਰੀਬ 1300 ਏਕੜ ਰਕਬੇ ਨੂੰ ਮਿਲੇਗਾ ਨਹਿਰੀ ਪਾਣੀ



**ਸੰਗਰੂਰ ( ਰਣਜੀਤ ਸਿੰਘ ਪੇਧਨੀ)**-ਵਿਧਾਇਕ ਨਰਿੰਦਰ ਕੌਰ ਭਰਾਜ ਨੇ ਅੱਜ ਪਿੰਡ ਬਾਲੀਆਂ, ਭਿੰਡਰਾਂ ਤੇ ਕਾਲਾਝਾੜ ਵਿਖੇ ਕਰੀਬ 02 ਕਰੋੜ ਰੁਪਏ ਦੀ ਲਾਗਤ ਨਾਲ ਬਣਾਏ ਜਾ ਰਹੇ ਪੱਕੇ ਖਾਲਾਂ ਅਤੇ ਪਾਈਆਂ ਜਾ ਰਹੀਆਂ ਪਾਈਪ ਲਾਈਨਾਂ ਦੇ ਕੰਮ ਦਾ ਲਿਆ ਜਾਇਜ਼ਾ। ਇਹਨਾਂ ਪ੍ਰੋਜੈਕਟਾਂ ਸਦਕਾ ਕਰੀਬ 1300 ਏਕੜ ਰਕਬੇ ਨੂੰ ਨਹਿਰੀ ਪਾਣੀ ਮਿਲੇਗਾ। ਹਲਕਾ ਵਿਧਾਇਕ ਨੇ ਦੱਸਿਆ ਕਿ ਕਈ ਦਹਾਕਿਆਂ ਬਾਅਦ ਨਹਿਰੀ ਪਾਣੀ ਮਿਲਣ ਸਦਕਾ ਹਲਕਾ ਸੰਗਰੂਰ ਦੇ ਕਿਸਾਨ ਬਾਗੋ ਬਾਗ ਹਨ। ਉਹਨਾਂ ਦੱਸਿਆ ਕਿ ਪਿੰਡ ਬਾਲੀਆਂ ਵਿਖੇ ਓਪਨ ਪੱਕੇ ਖਾਲ ਦੀ ਉਸਾਰੀ ਉੱਤੇ ਕਰੀਬ 67 ਲੱਖ ਰੁਪਏ ਖਰਚੇ ਜਾ ਰਹੇ ਹਨ, ਜਿਸ ਦੀ ਲੰਬਾਈ ਕਰੀਬ 12 ਹਜ਼ਾਰ ਫੁੱਟ ਹੈ ਤੇ ਇਸ ਨਾਲ ਕਰੀਬ 361 ਏਕੜ ਰਕਬੇ ਨੂੰ ਨਹਿਰੀ ਪਾਣੀ ਮਿਲੇਗਾ। ਇਸੇ ਪਿੰਡ ਵਿੱਚ ਦੂਜਾ ਓਪਨ ਪੱਕਾ ਖਾਲ ਕਰੀਬ 45 ਲੱਖ ਰੁਪਏ ਦੀ ਲਾਗਤ ਨਾਲ ਬਣਾਇਆ ਜਾ ਰਿਹਾ ਹੈ, ਜਿਸ ਦੀ ਲੰਬਾਈ ਕਰੀਬ 4100 ਫੁੱਟ ਹੈ ਤੇ ਇਸ ਨਾਲ ਕਰੀਬ 130 ਏਕੜ ਰਕਬੇ ਨੂੰ ਨਹਿਰੀ ਪਾਣੀ ਮਿਲੇਗਾ। ਇਸੇ ਤਰ੍ਹਾਂ ਪਿੰਡ ਭਿੰਡਰਾਂ ਵਿਖੇ 28 ਲੱਖ ਰੁਪਏ ਦੀ ਲਾਗਤ ਨਾਲ ਕਰੀਬ 3200 ਫੁੱਟ ਲੰਬਾ ਓਪਨ ਪੱਕਾ ਖਾਲ ਬਣਾਇਆ ਜਾ ਰਿਹਾ ਹੈ, ਜਿਸ ਨਾਲ ਕਰੀਬ 130 ਏਕੜ ਰਕਬੇ ਨੂੰ ਨਹਿਰੀ ਪਾਣੀ ਮਿਲੇਗਾ। ਇਸ ਤੋਂ ਇਲਾਵਾ ਪਿੰਡ ਕਾਲਾਝਾੜ ਵਿਖੇ ਕਰੀਬ 60 ਲੱਖ ਰੁਪਏ ਦੀ ਲਾਗਤ ਕਰੀਬ 05 ਕਿਲੋਮੀਟਰ ਲੰਬੀ ਅੰਡਰ ਗਰਾਊਂਡ ਪਾਈਪ ਲਾਈਨ ਪਾਈ ਜਾ ਰਹੀ ਹੈ, ਜਿਸ ਨਾਲ ਕਰੀਬ 450 ਏਕੜ ਰਕਬੇ ਨੂੰ ਨਹਿਰੀ ਪਾਣੀ ਦੀ ਸਹੂਲਤ ਮਿਲੇਗੀ। ਇਸ ਮੌਕੇ ਹਲਕਾ ਵਿਧਾਇਕ ਨੇ ਦੱਸਿਆ ਕਿ ਹਲਕਾ ਸੰਗਰੂਰ ਦੇ ਹਰ ਖੇਤ ਤਕ ਨਹਿਰੀ ਪਾਣੀ ਪੁੱਜਦਾ ਕਰਨ ਲਈ ਦਿਨ ਰਾਤ ਇੱਕ ਕਰ ਕੇ ਕੰਮ ਕੀਤਾ ਜਾ ਰਿਹਾ ਹੈ, ਜਿਸ ਦੀ ਲੜੀ ਤਹਿਤ ਮਾਈਨਰਾਂ, ਖਾਲਾਂ ਤੇ ਜ਼ਮੀਨਦੋਜ਼ ਪਾਈਪਾਂ ਸਬੰਧੀ ਵਿਕਾਸ ਕਾਰਜ ਜੰਗੀ ਪੱਧਰ ਉੱਤੇ ਜਾਰੀ ਹਨ। ਹਲਕੇ ਦੇ ਪਿੰਡ ਰੂਪਾਹੇੜੀ ਦੇ ਵੱਡੇ ਰਕਬੇ ਨੂੰ ਮਾਈਨਰ ਨਾਲ ਪਹਿਲੀ ਵਾਰ ਝੋਨੇ ਦੇ ਸੀਜ਼ਨ ਵਿੱਚ ਨਹਿਰੀ ਪਾਣੀ ਮਿਲੇਗਾ। ਇਸ ਨਾਲ ਕਰੀਬ  04 ਹਜ਼ਾਰ ਏਕੜ ਨੂੰ ਨਹਿਰੀ ਪਾਣੀ ਮਿਲੇਗਾ। ਇਸ ਤੋਂ ਇਲਾਵਾ ਬੱਬਨਪੁਰ ਵਾਲੀ ਨਹਿਰ ਤੋਂ ਲੈਕੇ ਖੇੜੀ ਤਕ 35 ਕਿਲੋਮੀਟਰ ਸੂਆ, ਜਿਹੜਾ ਟੁੱਟ ਜਾਂਦਾ ਸੀ, ਦੀ ਕਾਇਆ ਕਲਪ ਦਾ ਪ੍ਰੋਜੈਕਟ ਪਾਸ ਹੋ ਗਿਆ ਹੈ ਤੇ ਪੜਾਅਵਾਰ ਉਸ ਦੇ ਪੈਸੇ ਆਉਂਦੇ ਰਹਿਣਗੇ, ਸ਼ੁਰੂਆਤ ਵਜੋਂ 03 ਕਰੋੜ ਰੁਪਏ ਆ ਗਏ ਹਨ। ਪਿਛਲੀਆਂ ਸਰਕਾਰਾਂ ਵੇਲੇ ਮਾਈਨਰਾਂ ਦੀ ਅਣਹੋਂਦ ਕਾਰਨ ਪਾਣੀ ਪੂਰਾ ਛੱਡਿਆ ਹੀ ਨਹੀਂ ਜਾਂਦਾ ਸੀ ਪਰ ਇਸ ਵਾਰ ਮਾਈਨਰਾਂ ਬਣਨ ਸਦਕਾ ਪੂਰਾ ਪਾਣੀ ਕਿਸਾਨਾਂ ਨੂੰ ਮਿਲੇਗਾ। ਜੇਕਰ ਫੇਰ ਵੀ ਕਿਤੇ ਕੋਈ ਦਿੱਕਤ ਆਉਂਦੀ ਹੈ ਤਾਂ ਫੌਰੀ ਉਹਨਾਂ ਦੇ ਧਿਆਨ ਵਿੱਚ ਲਿਆਂਦੀ ਜਾਵੇ, ਉਹ ਹਰ ਹਾਲ ਮੁਸ਼ਕਲ ਹੱਲ ਕਰਵਾਉਣਗੇ। ਪੰਜਾਬ ਸਰਕਾਰ ਵੱਲੋਂ ਦਿਨ ਰਾਤ ਇੱਕ ਕਰਕੇ ਵੱਡੇ ਪੱਧਰ ਉੱਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਪਰ ਵਿਕਾਸ ਕਾਰਜਾਂ ਦੀ ਗੁਣਵੱਤਾ ਸਬੰਧੀ ਕਿਸੇ ਕਿਸਮ ਦਾ ਸਮਝੌਤਾ ਨਹੀਂ ਕੀਤਾ ਜਾਵੇਗਾ। ਸਾਰੇ ਕੰਮ ਬਹੁਤ ਹੀ ਪਾਰਦਰਸ਼ੀ ਢੰਗ ਨਾਲ ਕਰਵਾਏ ਜਾ ਰਹੇ ਹਨ। ਸ਼੍ਰੀਮਤੀ ਭਰਾਜ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਟੀਚਾ ਹੈ ਕਿ ਪੰਜਾਬ ਦਾ ਨਹਿਰੀ ਪਾਣੀ ਹਰ ਕਿਸਾਨ ਦੇ ਖੇਤ ਤਕ ਪੁਜਦਾ ਕੀਤਾ ਜਾਵੇ। ਇਸ ਸਦਕਾ ਜਿੱਥੇ ਧਰਤੀ ਹੇਠਲੇ ਪਾਣੀ ਦੀ ਬੱਚਤ ਹੋਵੇਗੀ, ਉੱਥੇ ਕਿਸਾਨਾਂ ਦੇ ਪੈਸੇ ਦੀ ਬੱਚਤ ਹੋਵੇਗੀ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਅਥਾਹ ਵਾਧਾ ਹੋਵੇਗਾ। ਇਸ ਮੌਕੇ ਐਸ.ਡੀ.ਓ. ਕਰਨ ਬਾਂਸਲ, ਮੁਹੰਮਦ ਮੁਦੱਸਰ, ਜੇ.ਈ. ਲਵਪ੍ਰੀਤ ਸਿੰਘ ਸਮੇਤ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ, ਅਹੁਦੇਦਾਰ, ਪਿੰਡਾਂ ਦੇ ਪੰਚ ਸਰਪੰਚ, ਪਤਵੰਤੇ ਤੇ ਵੱਡੀ ਗਿਣਤੀ ਪਿੰਡ ਵਾਸੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਕੈਫੀਨ ਦਾ ਦਿਮਾਗ ’ਤੇ ਪ੍ਰਭਾਵ

**ਅਜੋਕੇ** ਤੇਜ਼ ਰਫਤਾਰੀ ਵਾਲੇ ਸੰਸਾਰ ਵਿੱਚ ਕੈਫੀਨ ਦੀ ਖਪਤ ਜੀਵਨ ਦਾ ਇੱਕ ਆਮ ਹਿੱਸਾ ਬਣ ਗਿਆ ਹੈ। ਕਾਫੀ, ਚਾਹ, ਐਨਰਜੀ ਡਰਿੰਕ ਅਤੇ ਇੱਥੇ ਤੱਕ ਕਿ ਬੱਚਿਆਂ ਦੇ ਖਾਣ ਵਾਲੀ ਚਾਕਲੇਟ ਵਿੱਚ ਕੈਫੀਨ ਮਿਲਦੀ ਹੈ। ਕੈਫੀਨ ਅਕਸਰ ਉਹਨਾਂ ਲੋਕਾਂ ਲਈ ਇੱਕ ਪ੍ਰਮੁੱਖ ਉਤਸ਼ਾਹਕ ਵਧਾਉਣ ਵਾਲਾ ਉਤਪਾਦ ਹੁੰਦੀ ਹੈ ਜੋ ਚੁਸਤੀ ਅਤੇ ਉਤਪਾਦਕਤਾ ਨੂੰ ਵਧਾਉਣ ਦੀ ਕੋਸ਼ਿਸ਼ ਕਰਦੇ ਹਨ। ਹਾਲੀਆ ਖੋਜਾਂ ਨੇ ਦਿਮਾਗ ਦੀ ਕਾਰਜ ਪ੍ਰਣਾਲੀ ’ਤੇ ਕੈਫੀਨ ਦੇ ਜਟਿਲ ਪ੍ਰਭਾਵਾਂ ਨੂੰ ਪ੍ਰਗਟ ਕੀਤਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

**ਕੈਫੀਨ ਨੂੰ ਸਮਝਣਾ**

ਕੈਫੀਨ ਇੱਕ ਕੁਦਰਤੀ ਉਤਸ਼ਾਹਕ ਵਧਾਉਣ ਵਾਲਾ ਉਤਪਾਦ ਹੈ ਜੋ ਮੁੱਖ ਰੂਪ ਵਿੱਚ ਕੇਂਦਰੀ ਨਰਵ ਸਿਸਟਮ ’ਤੇ ਪ੍ਰਭਾਵ ਪਾਉਂਦਾ ਹੈ। ਇਹ ਐਡੇਨੋਸਾਈਨ ਦੇ ਕਾਰਜ ਨੂੰ ਰੋਕ ਕੇ ਕੰਮ ਕਰਦਾ ਹੈ ਜੋ ਇੱਕ ਨਰਵ ਰਸਾਇਣ ਹੈ ਜੋ ਨੀਂਦ ਅਤੇ ਆਰਾਮ ਨੂੰ ਉਤਸ਼ਾਹਿਤ ਕਰਨ ਲਈ ਜ਼ਿੰਮੇਵਾਰ ਹੁੰਦਾ ਹੈ ।ਕੈਫੀਨ ਦੀ ਖਪਤ ਦੀ ਵਧੇਰੇ ਮਾਤਰਾ ਨਾਲ ਐਡੇਨੋਸਾਈਨ ਦੇ ਪੱਧਰ ਘਟਦੇ ਹਨ ਜਿਸ ਦਾ ਨਤੀਜਾ ਨਰਵਿਕ ਫਾਇਰਿੰਗ ਵਿੱਚ ਵਾਧਾ ਅਤੇ ਹੋਰ ਨਰਵ ਰਸਾਇਣਾਂ ਡੋਪਾਮਾਈਨ ਅਤੇ ਨੋਰੇਪੀਨੇਫ੍ਰਿਨ ਦੀ ਰਿਲੀਜ਼ ਵਿੱਚ ਵਾਧੇ ਨਾਲ ਹੁੰਦੀ ਹੈ। ਇਹ ਬਾਇਓਕੈਮਿਕਲ ਕਾਸਕੇਡ ਚੁਸਤੀ ਅਤੇ ਸੁਧਰੇ ਹੋਏ ਮੂਡ ਨੂੰ ਲੈ ਕੇ ਆਉਂਦਾ ਹੈ।

**ਦਿਮਾਗੀ ਕਾਰਜਾਂ’ ਤੇ ਸਕਾਰਾਤਮਕ ਪ੍ਰਭਾਵ**

1. ਚੁਸਤੀ ਅਤੇ ਧਿਆਨ ਵਿੱਚ ਵਾਧਾ: ਬਹੁਤ ਸਾਰੇ ਅਧਿਐਨ ਦਰਸਾਉਂਦੇ ਹਨ ਕਿ ਕੈਫੀਨ ਧਿਆਨ, ਫੋਕਸ, ਅਤੇ ਪ੍ਰਤੀਕ੍ਰਿਆ ਸਮੇਂ ਵਿੱਚ ਸੁਧਾਰ ਕਰ ਸਕਦੀ ਹੈ। Psychopharmacology ਜਰਨਲ ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਨੇ ਪਾਇਆ ਕਿ ਕੈਫੀਨ ਦੀ ਖਪਤ ਨੇ ਲੰਬੇ ਸਮੇਂ ਤੱਕ ਧਿਆਨ ਦੀਆਂ ਲੋੜਾਂ ਵਾਲੇ ਕਾਰਜਾਂ ਵਿੱਚ ਸੰਗਠਿਤ ਸਿੱਖਿਆ ਦੇ ਪ੍ਰਦਰਸ਼ਨ ਨੂੰ ਮਹੱਤਵਪੂਰਨ ਤੌਰ ’ਤੇ ਸੁਧਾਰਿਆ।

2. ਯਾਦਦਾਸ਼ਤ ਵਿੱਚ ਸੁਧਾਰ: ਖੋਜ ਦਰਸਾਉਂਦੀ ਹੈ ਕਿ ਕੈਫੀਨ ਯਾਦਦਾਸ਼ਤ ਸੰਕਲਨ ਨੂੰ ਵੀ ਫਾਇਦਾ ਪਹੁੰਚਾ ਸਕਦੀ ਹੈ।



3. ਮੂਡ ਵਿੱਚ ਸੁਧਾਰ: ਕੈਫੀਨ ਨੂੰ ਮੂਡ ਵਿੱਚ ਸੁਧਾਰ ਅਤੇ ਚਿੰਤਾ ਅਤੇ ਡਰ ਦੇ ਅਹਿਸਾਸਾਂ ਵਿੱਚ ਘਟਾਅ ਨਾਲ ਜੋੜਿਆ ਗਿਆ ਹੈ।

4. ਨਿਊਰੋਪ੍ਰੋਟੈਕਟਿਵ ਪ੍ਰਭਾਵ: ਕੁਝ ਖੋਜ ਦਰਸਾਉਂਦੀ ਹੈ ਕਿ ਕੈਫੀਨ ਦੇ ਨਿਊਰੋਪ੍ਰੋਟੈਕਟਿਵ ਗੁਣ ਹੋ ਸਕਦੇ ਹਨ ਜੋ ਕਿ ਐਲਜ਼ਾਈਮਰ ਅਤੇ ਪਾਰਕਿਨਸਨ ਵਰਗੀਆਂ ਨਿਊਰੋਡਿਗਰੇਟਿਵ ਬਿਮਾਰੀ ਦੇ ਖਤਰਿਆਂ ਨੂੰ ਘਟਾਉਂਦੇ ਹਨ।

ਕੈਫੀਨ ਦੇ ਮਾੜੇ ਪ੍ਰਭਾਵ

ਕੈਫੀਨ ਦੇ ਫਾਇਦਿਆਂ ਦੇ ਬਾਵਜੂਦ ਕੈਫੀਨ ਦੀ ਵਧੇਰੇ ਖਪਤ ਦਿਮਾਗੀ ਕਾਰਜਾਂ ਅਤੇ ਸਮੁੱਚੇ ਸਿਹਤ ’ਤੇ ਨਕਾਰਾਤਮਕ ਪ੍ਰਭਾਵ ਪਾ ਸਕਦੀ ਹੈ:

1. ਚਿੰਤਾ ਅਤੇ ਬੇਚੈਨੀ: ਉੱਚ ਮਾਤਰਾ ਵਿੱਚ ਕੈਫੀਨ ਚਿੰਤਾ ਦੇ ਲੱਛਣਾਂ ਨੂੰ ਵਧਾ ਸਕਦੀ ਹੈ ਅਤੇ ਬੇਚੈਨਤਾ ਦੇ ਅਹਿਸਾਸਾਂ ਦਾ ਕਾਰਣ ਬਣ ਸਕਦੀ ਹੈ।

2. ਨੀਂਦ ਦਾ ਵਿਘਟਨ: ਕੈਫੀਨ ਨੀਂਦਰ ਦੀ ਗੁਣਵੱਤਾ ਅਤੇ ਸਮਾਂ ਕਾਲ ਦਾ ਵਿਘਟਨ ਕਰ ਸਕਦੀ ਹੈ, ਖਾਸ ਕਰਕੇ ਜਦੋਂ ਇਹ ਦਿਨ ਦੇ ਆਖਰੀ ਹਿੱਸੇ ਵਿੱਚ ਵਰਤੀ ਜਾਂਦੀ ਹੈ। ਖਰਾਬ ਨੀਂਦਰ ਦਿਮਾਗੀ ਕਾਰਜ, ਯਾਦਦਾਸ਼ਤ ਸੰਕਲਨ, ਅਤੇ ਸਮੁੱਚੇ ਦਿਮਾਗ ਦੀ ਸਿਹਤ ਨੂੰ ਨੁਕਸਾਨ ਪਹੁੰਚਾ ਸਕਦੀ ਹੈ।

3. ਲੱਛਣਾਂ ਦੀ ਵਾਪਸੀ: ਲਗਾਤਾਰ ਤੌਰ ’ਤੇ ਕੈਫੀਨ ਦੀ ਖਪਤ ਸਰੀਰਕ ਸਮੱਸਿਆਵਾਂ ਦਾ ਕਾਰਣ ਬਣ ਸਕਦੀ ਹੈ। ਜਦੋਂ ਕੋਈ ਵਿਅਕਤੀ ਅਚਾਨਕ ਕੈਫੀਨ ਦੀ ਖਪਤ ਘਟਾਉਂਦਾ ਜਾਂ ਰੋਕਦਾ ਹੈ ਤਾਂ ਸਿਰਦਰਦ, ਥਕਾਵਟ, ਚਿੜਚਿੜਾਪਣ ਅਤੇ ਧਿਆਨ ਕੇਂਦ੍ਰਿਤ ਕਰਨ ਵਿੱਚ ਮੁਸ਼ਕਲਾਂ ਵਰਗੇ ਲੱਛਣ ਪੈਦਾ ਹੋ ਸਕਦੇ ਹਨ।

4. ਦਿਮਾਗੀ ਅਸੰਤੁਲਨ: ਕੁਝ ਅਧਿਐਨਾਂ ਦਾ ਸੁਝਾਅ ਹੈ ਕਿ ਕੈਫੀਨ ਦੀ ਵਧੇਰੇ ਖਪਤ ਵੱਡੇ ਉਮਰ ਦੇ ਲੋਕਾਂ ਵਿੱਚ ਦਿਮਾਗੀ ਅਸੰਤੁਲਨ ਪੈਦਾ ਕਰ ਸਕਦੀ ਹੈ।

ਕੈਫੀਨ ਦੀ ਖਪਤ ਲਈ ਸੁਝਾਅ

ਵਿਗਿਆਨ ਅਧਿਆਪਕ ਐਸ ਪੀ ਸਿੰਘ ਦਾ ਆਮ ਸੁਝਾਅ ਹੈ ਕਿ ਕੈਫੀਨ ਦੇ ਫਾਇਦੇ ਲੈਣ ਅਤੇ ਸੰਭਾਵਿਤ ਖਤਰਿਆਂ ਨੂੰ ਘਟਾਉਣ ਦੀ ਕੁੰਜੀ ਇਸ ਦੀ ਯੋਗ ਵਰਤੋਂ ਕਰਨ ਵਿੱਚ ਹੈ। ਆਮ ਸਿਫਾਰਸ਼ ਇਹ ਹੈ ਕਿ ਕੈਫੀਨ ਦੀ ਖਪਤ ਨੂੰ ਲਗਭਗ 400 ਮਿਲਿਗ੍ਰਾਮ ਪ੍ਰਤੀ ਦਿਨ ਤੇ ਸੀਮਿਤ ਕੀਤਾ ਜਾਣਾ ਚਾਹੀਦਾ ਹੈ।

ਜਿਨ੍ਹਾਂ ਲੋਕਾਂ ਨੂੰ ਕੈਫੀਨ ਲਈ ਸੰਵੇਦਨਾ ਹੋ ਜਾਂਦੀ ਹੈ ਜਾਂ ਨਕਾਰਾਤਮਕ ਪ੍ਰਭਾਵ ਮਹਿਸੂਸ ਹੁੰਦੇ ਹਨ ਉਹਨਾਂ ਲਈ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੀ ਖਪਤ ਘਟਾਉਣ ਜਾਂ ਡਿਕੈਫੀਨੇਟ ਵਿਕਲਪਾਂ ਦੀ ਚੋਣ ਕਰਨ।

ਕੈਫੀਨ ਦੁਨੀਆ ਭਰ ਵਿੱਚ ਸਭ ਤੋਂ ਵੱਧ ਵਰਤੇ ਜਾਣ ਵਾਲੇ ਪਦਾਰਥਾਂ ਵਿੱਚੋਂ ਇੱਕ ਹੈ ਜੋ ਕਿ ਸੋਚਣ ਸ਼ਕਤੀ ਦੇ ਲਾਭਾਂ ਅਤੇ ਸੰਭਾਵਿਤ ਖਤਰਿਆਂ ਦੋਹਾਂ ਦੀ ਪੇਸ਼ਕਸ਼ ਕਰਦਾ ਹੈ। ਕੈਫੀਨ ਦੇ ਦਿਮਾਗੀ ਕਾਰਜਾਂ ’ਤੇ ਮਾਰੂ ਪ੍ਰਭਾਵਾਂ ਨੂੰ ਸਮਝਣਾ ਲੋਕਾਂ ਨੂੰ ਆਪਣੇ ਖਪਤ ਦੇ ਆਦਤਾਂ ਬਾਰੇ ਜਾਣੂ ਫੈਸਲੇ ਕਰਨ ਦੀ ਸਮਰੱਥਾ ਦੇਵੇਗਾ। ਚਾਹੇ ਇਹ ਉਤਪਾਦਕਤਾ ਨੂੰ ਵਧਾਉਣ ਵਾਲਾ ਹੋਵੇ ਜਾਂ ਚਿੰਤਾ ਦਾ ਸਰੋਤ ਕੈਫੀਨ ਦਾ ਦਿਮਾਗ ’ਤੇ ਪ੍ਰਭਾਵ ਇੱਕ ਦਿਲਚਸਪ ਅਧਿਐਨ ਦਾ ਖੇਤਰ ਹੈ ਜੋ ਕੈਫੀਨ ਦੀ ਵਧਦੀ ਹੋਏ ਮੰਗਾਂ ਵਾਲੇ ਸੰਸਾਰ ਵਿੱਚ ਉੱਤਮ ਮਾਨਸਿਕ ਪ੍ਰਦਰਸ਼ਨ ਦੀ ਖੋਜ ਨੂੰ ਦਰਸਾਉਂਦਾ ਹੈ।

**ਸੁਰਿੰਦਰਪਾਲ ਸਿੰਘ , ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ**

ਰਾਮ ਨਗਰ ਬਸਤੀ ਵਿਖੇ

# ਨਸ਼ਾ ਤਸਕਰਾਂ ਵੱਲੋਂ ਕੀਤੀਆਂ ਨਾਜਾਇਜ਼ ਉਸਾਰੀਆਂ ਢਾਹੀਆਂ






**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ, ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਜੰਗੀ ਪੱਧਰ 'ਤੇ ਕੀਤੀ ਜਾ ਰਹੀ ਹੈ, ਜਿਸ ਤਹਿਤ ਜ਼ਿਲ੍ਹਾ ਪੁਲਿਸ ਮੁਖੀ ਸ੍ਰੀ ਸਰਤਾਜ ਸਿੰਘ ਚਾਹਲ ਦੀ ਅਗਵਾਈ ਵਿੱਚ ਪੁਲੀਸ ਤੇ ਸਿਵਲ ਪ੍ਰਸ਼ਾਸਨ ਵੱਲੋਂ ਰਾਮ ਨਗਰ ਬਸਤੀ ਉਭਾਵਾਲ ਰੋਡ ਵਿਖੇ ਨਸ਼ਾ ਤਸਕਰਾਂ ਵੱਲੋਂ ਉਸਾਰੇ ਨਾਜਾਇਜ਼ ਮਕਾਨਾਂ ਨੂੰ ਢਾਹਿਆ ਗਿਆ ਹੈ। ਜ਼ਿਲ੍ਹਾ ਪੁਲਿਸ ਮੁਖੀ ਨੇ ਦੱਸਿਆ ਕਿ ਮੁਲਜ਼ਮ ਰਾਣੀ ਕੌਰ ਪਤਨੀ

ਆਵਾਜ਼ਿ ਕੌਮ AWAZE QAUM International Newspaper & WEB TV




ਬਲਜਿੰਦਰ ਸਿੰਘ ਉਰਫ ਭਿੰਦਾ ਅਤੇ ਉਸਦੇ ਪਰਿਵਾਰਕ ਮੈਂਬਰਾਂ ਖਿਲਾਫ ਦਰਜਨ ਤੋਂ ਵੱਧ ਕੇਸ ਐਨ.ਡੀ.ਪੀ.ਐੱਸ. ਐਕਟ ਦੇ ਦਰਜ ਹਨ। ਇਸੇ ਤਰ੍ਹਾਂ ਮਨਦੀਪ ਸਿੰਘ ਉਰਫ ਸੋਨੂੰ ਪੁੱਤਰ ਲਾਲ ਸਿੰਘ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਖਿਲਾਫ ਵੀ ਦਰਜਨ ਦੇ ਕਰੀਬ ਕੇਸ ਐਨ.ਡੀ.ਪੀ.ਐੱਸ. ਐਕਟ ਦੇ ਦਰਜ ਹਨ ਤੇ ਇਹਨਾਂ ਵੱਲੋਂ ਨਾਜਾਇਜ਼ ਢੰਗ ਨਾਲ ਬਣਾਏ ਮਕਾਨ ਢਾਹੇ ਗਏ ਹਨ। ਜ਼ਿਲ੍ਹਾ ਪੁਲੀਸ ਮੁਖੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਜਾ ਰਹੀ ਹੈ ਅਤੇ ਨਸ਼ਿਆਂ ਦੇ ਤਸਕਰਾਂ ਖਿਲਾਫ ਸਖਤ ਕਾਰਵਾਈ ਕੀਤੀ ਜਾ ਰਹੀ ਹੈ। ਇਸ ਸਾਲ ਮਾਰਚ ਮਹੀਨੇ ਤੋਂ ਲੈ ਕੇ ਹੁਣ ਤਕ ਜ਼ਿਲ੍ਹਾ ਪੁਲੀਸ ਵੱਲੋਂ ਨਸ਼ਿਆਂ ਸਬੰਧੀ 307 ਕੇਸ ਦਰਜ ਕਰ ਕੇ 556 ਮੁਲਜ਼ਮ ਗ੍ਰਿਫਤਾਰ ਕੀਤੇ ਗਏ ਹਨ ਤੇ 03 ਕਿਲੋ 700 ਗ੍ਰਾਮ ਅਫੀਮ, 06 ਕਿਲੋ 490 ਗ੍ਰਾਮ ਹੈਰੋਇਨ, 01 ਕਿਲੋ 413 ਗ੍ਰਾਮ ਸੁਲਫਾ, 02 ਕਿਲੋ 695 ਗ੍ਰਾਮ ਗਾਂਜਾ, 899 ਕਿਲੋ 925 ਗ੍ਰਾਮ ਭੁੱਕੀ, 400 ਗ੍ਰਾਮ ਨਾਰਕੋਟਿਕ ਪਾਊਡਰ, ਕਰੀਬ 32 ਹਜ਼ਾਰ ਨਸ਼ੀਲੀਆਂ ਗੋਲੀਆਂ, 79 ਸ਼ੀਸ਼ੀਆਂ ਅਤੇ ਕਰੀਬ 15 ਲੱਖ ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

> **ਇਸ ਸਾਲ ਮਾਰਚ ਮਹੀਨੇ ਤੋਂ ਲੈ ਕੇ ਹੁਣ ਤਕ ਜ਼ਿਲ੍ਹਾ ਪੁਲੀਸ ਵੱਲੋਂ ਨਸ਼ਿਆਂ ਸਬੰਧੀ 307 ਕੇਸ ਦਰਜ ਕਰ ਕੇ 556 ਮੁਲਜ਼ਮ ਗ੍ਰਿਫਤਾਰ**

ਜ਼ਿਲ੍ਹਾ ਪੁਲੀਸ ਮੁਖੀ ਨੇ ਕਿਹਾ ਕਿ ਜਿਹੜੇ ਨੌਜਵਾਨ ਨਸ਼ਾ ਛੱਡ ਕੇ ਚੰਗੀ ਜ਼ਿੰਦਗੀ ਜਿਉਣਾ ਚਾਹੁੰਦੇ ਹਨ, ਉਹ ਅੱਗੇ ਆਉਣ ਪੰਜਾਬ ਸਰਕਾਰ ਉਹਨਾਂ ਦੀ ਹਰ ਹਾਲ ਮਦਦ ਕਰ ਰਹੀ ਹੈ। ਇਸ ਸਬੰਧੀ ਜ਼ਿਲ੍ਹੇ ਦੇ ਵਿੱਚ ਸਰਕਾਰੀ ਨਸ਼ਾ ਛੁਡਾਊ ਤੇ ਮੁੜਵਸੇਵਾ ਕੇਂਦਰ ਕਾਰਰਸ਼ੀਲ ਹਨ। ਜ਼ਿਲ੍ਹਾ ਪੁਲੀਸ ਮੁਖੀ ਨੇ ਨਸ਼ਾ ਤਸਕਰਾਂ ਨੂੰ ਸਖਤ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਨਸ਼ੇ ਵੇਚਣ ਦਾ ਕੰਮ ਛੱਡ ਦੇਣ ਨਹੀਂ ਤਾਂ ਉਨ੍ਹਾਂ ਵਿਰੁੱਧ ਵੀ ਇਹੋ ਜਿਹੀ ਕਾਰਵਾਈ ਕੀਤੀ ਜਾਵੇਗੀ। ਨਸ਼ਾ ਤਸਕਰਾਂ ਨੇ ਸੂਬੇ ਦੀ ਜਵਾਨੀ ਨੂੰ ਕੁਰਾਹੇ ਪਾਇਆ ਹੈ ਅਤੇ ਪੰਜਾਬ ਸਰਕਾਰ ਜਵਾਨੀ ਨੂੰ ਬਚਾਉਣ ਲਈ ਪੂਰੀ ਤਰ੍ਹਾਂ ਦ੍ਰਿੜ੍ਹ ਹੈ। ਉਨ੍ਹਾਂ ਕਿਹਾ ਕਿ "ਯੁੱਧ ਨਸ਼ਿਆਂ ਵਿਰੁੱਧ ਮੁਹਿੰਮ" ਨਿਰੰਤਰ ਜਾਰੀ ਰਹੇਗੀ ਅਤੇ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਤਸਕਰਾਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ।

ਇਸ ਮੌਕੇ ਐਸ.ਪੀ.(ਜਾਂਚ) ਨਵਰੀਤ ਸਿੰਘ ਵਿਰਕ ਸਮੇਤ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਵੱਡੀ ਗਿਣਤੀ ਵਿੱਚ ਪੁਲਿਸ ਮੁਲਾਜ਼ਮ ਹਾਜ਼ਰ ਸਨ।

ਜੂਨ 1984 ਘੱਲੂਘਾਰੇ ਦੇ ਸ਼ਹੀਦ

# ਭਾਈ ਬਲਦੇਵ ਸਿੰਘ ਜੇਠੂਵਾਲ ਦੀ 41ਵੀਂ ਬਰਸੀ ਮਨਾਈ



**ਚੌਕ ਮਹਿਤਾ, 9 ਜੂਨ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਜੂਨ 1984 ਵਿਚ ਵਾਪਰੇ ਤੀਸਰੇ ਘੱਲੂਘਾਰੇ ਦੌਰਾਨ ਸ਼ਹਾਦਤ ਦਾ ਜਾਮ ਪੀਣ ਵਾਲੇ ਸਮੂਹ ਸ਼ਹੀਦ ਸਿੰਘ-ਸਿੰਘਣੀਆਂ ਭੁਝੰਗੀਆ ਦੀ ਯਾਦ ਅੰਦਰ ਸ਼ਹੀਦ ਭਾਈ ਬਲਦੇਵ ਸਿੰਘ ਜੀ ਦੀ 41ਵੀਂ ਬਰਸੀ ਗੁਰਦੁਆਰਾ ਬਾਬੇ ਸ਼ਹੀਦਾਂ ਸਾਹਿਬ ਵਿਖੇ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਦੇ ਸਹਿਯੋਗ ਸਦਕਾ ਮਨਾਈ ਗਈ। ਸ੍ਰੀ ਅਖੰਡ

ਆਵਾਜ਼ਿ ਕੌਮ AWAZE QAUM International Newspaper & WEB TV




ਪਾਠ ਸਾਹਿਬ ਜੀ ਦੇ ਭੋਗ ਉਪਰੰਤ ਦਮਦਮੀ ਟਕਸਾਲ ਦੇ ਹਜੂਰੀ ਰਾਗੀ ਭਾਈ ਲਵਪ੍ਰੀਤ ਸਿੰਘ ਸਿੰਘ ਜੀ ਦੇ ਜਥੇ ਵਲੋਂ ਇਲਾਹੀ ਗੁਰਬਾਣੀ ਦੇ ਕੀਰਤਨ ਦੀ ਸੇਵਾ ਨਿਭਾਈ, ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਜੀ ਵਲੋਂ ਸ਼ਹੀਦੀ ਪ੍ਰੰਪਰਾ ਤੇ ਗੁਰਬਾਣੀ ਇਤਿਹਾਸ ਚੋਂ ਭਾਵਪੂਰਤ ਵਿਚਾਰ ਰੱਖੇ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਪ੍ਰਬੰਧਕ ਜਥੇਦਾਰ ਅਨੂਪ ਸਿੰਘ, ਜਥੇਦਾਰ ਦਿਲਦਾਰ ਸਿੰਘ ਵਲੋਂ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਸੀ ਅਤੇ ਸ਼ਹੀਦ ਭਾਈ ਬਲਦੇਵ ਸਿੰਘ ਜੀ ਦੀ ਸਪੁੱਤਰੀ ਬੀਬੀ ਜਸਬੀਰ ਕੌਰ ਦਾ ਸਨਮਾਨ ਕੀਤਾ ਗਿਆ । ਇਸ ਮੌਕੇ ਇਸ ਮੌਕੇ ਸਾਬਕਾ ਸਰਪੰਚ ਅਨੂਪ ਸਿੰਘ, ਦਿਲਦਾਰ ਸਿੰਘ ਢਿਲੋਂ, ਜਥੇਦਾਰ ਬਲਵਿੰਦਰ ਸਿੰਘ ਜੋਧਪੁਰੀ, ਹਰਪਾਲ ਸਿੰਘ ਬੁੱਟਰ, ਕੁਲਦੀਪ ਸਿੰਘ ਸੈਕਟਰੀ, ਸ਼ਮਸ਼ੇਰ ਸਿੰਘ ਜੇਠੂਵਾਲ, ਕਰਮ ਸਿੰਘ ਗਿੱਲ, ਜਥੇਦਾਰ ਬਲਬੀਰ ਸਿੰਘ ਦਸਮੇਸ਼ ਤਰਨਾ ਦਲ, ਉਸਤਾਦ ਮੰਗਲ ਸਿੰਘ, ਸੁਖਜਿੰਦਰ ਸਿੰਘ, ਬਾਬਾ ਕਰਨੈਲ ਸਿੰਘ, ਕੁਲਦੀਪ ਸਿੰਘ ਨੰਬਰਦਾਰ, ਜਸਵਿੰਦਰ ਸਿੰਘ ਲਾਲੀ, ਪਰਮਜੀਤ ਸਿੰਘ, ਸਾਹਿਬ ਸਿੰਘ ਢਿਲੋਂ, ਜਥੇਦਾਰ ਸੰਤੋਖ ਸਿੰਘ, ਇੰਸਪੈਕਟਰ ਹਰਦਿਆਲ ਸਿੰਘ, ਸੁਰਜੀਤ ਸਿੰਘ ਫੌਜੀ, ਬਾਬਾ ਚਤਰ ਸਿੰਘ, ਤਰਸੇਮ ਸਿੰਘ, ਤਸਵੀਰ ਸਿੰਘ ਫੌਜੀ, ਸਵਿੰਦਰ ਸਿੰਘ, ਦਿਲਬਾਗ ਸਿੰਘ, ਢਾਡੀ ਨਿਰਮਲ ਸਿੰਘ, ਸੁਖਵਿੰਦਰ ਸਿੰਘ, ਮਲੂਕ ਸਿੰਘ, ਪ੍ਰਿੰਸਪਾਲ ਸਿੰਘ, ਗਿਆਨੀ ਦਲਜੀਤ ਸਿੰਘ ਮੱਲੂਵਾਲ ਆਦਿ ਹਾਜਰ ਸਨ।

# ਪੰਜਾਬ 'ਚੋਂ ਨਸ਼ਿਆਂ ਦੀ ਜੜ੍ਹ ਪੁੱਟਣ ਲਈ ਸਰਕਾਰ ਵਚਨਬੱਧ : ਹਰਜਿੰਦਰ ਉਸਮਾਂ



**ਚੌਕ ਮਹਿਤਾ, 9 ਜੂਨ(ਬਾਬਾ ਸੁਖਵੰਤ ਸਿੰਘ ਚੰਨਣਕੇ)**-ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ 'ਚੋਂ ਨਸ਼ਿਆਂ ਦੀ ਜੜ੍ਹ ਪੁੱਟਣ ਲਈ ਰੋਡਮੈਪ ਤਿਆਰ ਕਰਕੇ 'ਯੁੱਧ ਨਸ਼ਿਆਂ ਵਿਰੁੱਧ' ਸ਼ੁਰੂ ਕੀਤਾ ਹੈ। ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਸਾਨੂੰ ਪਾਰਟੀਬਾਜੀ ਤੋਂ ਉਪਰ ਉਠ ਕੇ ਸਰਕਾਰ ਦਾ ਸਹਿਯੋਗ ਕਰਨਾ ਚਾਹੀਦਾ ਹੈ। ਇਹ ਪ੍ਰਗਟਾਵਾ

ਆਵਾਜ਼ਿ ਕੌਮ AWAZE QAUM International Newspaper & WEB TV

ਜਿਲਾ ਐਕਸਾਈਜ ਐਂਡ ਟੈਕਸੇਸ਼ਨ ਸਲਾਹਕਾਰ ਕਮੇਟੀ ਦੇ ਮੈਂਬਰ ਤੇ ਹਲਕਾ ਜੰਡਿਆਲਾ ਗੁਰੂ ਤੋ 'ਆਪ' ਦੇ ਸੀਨੀਅਰ ਆਗੂ ਹਰਜਿੰਦਰ ਸਿੰਘ ਉਸਮਾਂ ਨੇ ਪੰਜਾਬ ਸਟੇਟ ਟਰੇਡਰਜ਼ ਕਮਿਸ਼ਨ ਦੇ ਮੈਂਬਰ ਅਤੇ ਵਪਾਰ ਮੰਡਲ ਪੰਜਾਬ ਦੇ ਪ੍ਰਧਾਨ ਸ੍ਰੀ ਵਿਨੀਤ ਵਰਮਾਂ ਨਾਲ ਇਕ ਵਿਸ਼ੇਸ਼ ਮੁਲਾਕਾਤ ਦੌਰਾਨ ਕੀਤਾ। ਉਨਾਂ ਆਖਿਆ ਕਿ ਪੰਜਾਬ ਦੀ ਧਰਤੀ ਅਪਰਾਧੀਆਂ ਲਈ ਨਹੀਂ ਬਣੀ, ਇਹ ਸ਼ਾਂਤੀ ਨਾਲ ਰਹਿਣ ਵਾਲੇ ਲੋਕਾਂ ਦੀ ਧਰਤੀ ਹੈ। ਇਥੇ ਆਮ ਆਦਮੀ ਪਾਰਟੀ ਪੰਜਾਬ ਨੂੰ ਤੰਦਰੁਸਤ ਤੇ ਨਰੋਆ ਬਣਾਉਣ ਦੇ ਮਕਸਦ ਨਾਲ ਕੰਮ ਕਰ ਰਹੀ ਹੈ। ਉਨਾਂ ਕਿਹਾ ਕਿ ਹੋਰਨਾਂ ਨੌਜਵਾਨਾਂ ਨੂੰ ਨਸ਼ਿਆਂ ਦੀ ਲਤ ਲਗਾਉਣ ਵਾਲੇ ਲੋਕ ਹੁਣ ਆਪਣੇ ਘਰਾਂ ਵਿਚ ਸਲਾਮਤ ਨਹੀਂ ਰਹੀ ਸਕਦੇ, ਕਿਉਂਕਿ ਮਾਨ ਸਰਕਾਰ ਨੇ ਨਸ਼ੇ ਦੇ ਸੌਦਾਗਰਾਂ ਦੀ ਪੁੱਠੀ ਗਿਣਤੀ ਸ਼ੁਰੂ ਕਰ ਦਿੱਤੀ ਹੈ।

# ਨਵ ਵਿਆਹੀ ਜੋੜੀ ਨੂੰ ਕੈਬਿਨਟ ਮੰਤਰੀ ਸ੍ਰ ਈ.ਟੀ.ਓ ਦੀ ਧਰਮਪਤਨੀ ਮੈਡਮ ਸੁਹਿੰਦਰ ਕੌਰ ਨੇ ਵਿਸ਼ੇਸ਼ ਤੌਰ 'ਤੇ ਦਿੱਤਾ ਅਸ਼ੀਰਵਾਦ

## ਮਹਿਕ ਬੇਟੀ ਦੇ ਦੁੱਖ ਸੁੱਖ ਮੌਕੇ ਹਮੇਸ਼ਾਂ ਨਾਲ ਖੜ੍ਹੇ ਰਹਾਂਗੇ-ਮੈਡਮ ਸੁਹਿੰਦਰ ਕੌਰ



**ਜੰਡਿਆਲਾ ਗੁਰੂ, 9 ਜੂਨ ( ਕੁਲਵੰਤ ਸਿੰਘ ਵਿਰਦੀ )**-ਅੱਜ ਮਹਿਕ ਸੇਠੀ ਬੇਟੀ ਸਵਰਗਵਾਸੀ ਪਵਨ ਕੁਮਾਰ ਸੇਠੀ ਦਾ ਵਿਆਹ ਹਰੀ ਉਮ ਪੁੱਤਰ ਅਸਵਨੀ ਕੁਮਾਰ ਜੰਡਿਆਲਾ ਗੁਰੂ ਦੇ ਨਾਲ ਹੋਇਆ।ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆ ਹੋਇਆ ਮਹਿਲਾ ਆਗੂ ਸਰਬਜੀਤ ਕੌਰ ਪਤਨੀ ਮਨਿੰਦਰ ਸਿੰਘ ਮਨੀ ਨੇ ਅੱਗੇ ਦੱਸਿਆ ਕਿ ਬੇਟੀ ਮਹਿਕ ਸੇਠੀ ਦੇ ਮਾਤਾ ਬਚਪਨ ਚ ਹੀ ਛੱਡ ਕਿ ਚਲੇ ਗਏ ਸਨ ਅਤੇ ਪਿਤਾ ਵੀ ਕਰੀਬ ਇਕ ਸਾਲ ਪਹਿਲਾਂ ਆਕਾਲ ਚਲਾਣਾ ਕਰ ਗਏ ਸਨ । ਜਿਸ ਤੇ ਬੇਟੀ ਅਨਾਥ ਹੋ ਗਈ ਅਤੇ ਅੱਜ ਮੁਹੱਲਾ ਵਾਸੀਆਂ ਵੱਲੋਂ ਇਕੱਠੇ ਹੋ ਕਿ ਬੇਵੀ ਮਹਿਕ ਸੇਠੀ ਦਾ ਵਿਆਹ ਆਨੰਦ ਕਾਰਜ ਕਰਵਾਇਆ ਗਿਆ ਇਸ ਮੌਕੇ ਤੇ ਵਿਸੇਸ ਤੌਰ ਤੇ ਕੈਬਨਿਟ

ਆਵਾਜ਼ਿ ਕੌਮ AWAZE QAUM International Newspaper & WEB TV

ਮੰਤਰੀ ਸਰਦਾਰ ਹਰਭਜਨ ਸਿੰਘ ਈ ਟੀ ਉ ਜੀ ਵੱਲੋਂ ਉਹਨਾਂ ਦੇ ਧਰਮਪਤਨੀ ਮੈਡਮ ਸੁਹਿੰਦਰ ਕੌਰ ਜੀ ਤੇ ਭਰਾ ਸਤਿੰਦਰ ਸਿੰਘ ਜੀ ਨੇ ਪਹੁੰਚ ਕੇ ਵਿਆਹ ਵਾਲੀ ਜੋੜੀ ਨੂੰ ਸਗਨਾਂ ਦੇ ਨਾਲ ਨਾਲ ਆਪਣਾ ਅਸ਼ੀਰਵਾਦ ਦਿੱਤਾ। ਅੱਗੇ ਮੈਡਮ ਸਰਬਜੀਤ ਕੌਰ ਨੇ ਦੱਸਿਆ ਕਿ ਸਾਡੇ ਮੁੱਹਲਾਂ ਵਾਸੀਆਂ ਨੇ ਮਹਿਕ ਸੇਠੀ ਦੇ ਵਿਆਹ ਤੇ ਵੱਧ ਚੜ ਕੇ ਸਾਥ ਦਿੱਤਾ। ਤੇ ਅਸੀਂ ਆਪਣੀ ਛੋਟੀ ਭੈਣ ਬਣਾ ਕੇ ਵਿਦਾਈ ਕੀਤੀ। ਮੈਡਮ ਸਰਬਜੀਤ ਕੌਰ ਨੇ ਦੱਸਿਆ ਕਿ ਸਾਡੇ ਸਤਿਕਾਰਯੋਗ ਮੈਡਮ ਸੁਹਿੰਦਰ ਕੌਰ ਜੀ ਨੇ ਵਿਸ਼ੇਸ਼ ਤੌਰ ਤੇ ਕਿਹਾ ਕਿ ਬੇਟੀ ਮਹਿਕ ਦੇ ਅਸੀਂ ਹਮੇਸ਼ਾ ਦੁੱਖ ਸੁੱਖ ਦੇ ਸਮੇਂ ਨਾਲ ਖੜੇ ਰਹਾਂਗਾ ਤੇ ਅਸੀਸਾਂ ਦਿੱਤੀਆਂ।ਇਸ ਮੌਕੇ ਤੇ ਸਾਹਿਲ ਸ਼ਰਮਾਂ ਪ੍ਰਧਾਨ, ਰਾਜੀਵ ਕੁਮਾਰ ਮਾਣਾ ਜਿਊਲਰ ਵਾਲੇ, ਮਨਿੰਦਰ ਸਿੰਘ ਮਨੀ ਪ੍ਰਧਾਨ, ਅਮਨਦੀਪ ਸਿੰਘ ਪ੍ਰਧਾਨ, ਰਾਹੁਲ ਸ਼ਰਮਾਂ, ਰਕੇਸ਼ ਕੁਮਾਰ ਖੰਨਾ, ਅਬੀ ਮਹਾਜਨ, ਅੰਜੂ ਮਹਾਜਨ, ਸਵੇਤਾ ਵਿਨਾਇਕ, ਸਰੋਜ ਰਾਣੀ, ਨੀਲਮ ਰਾਣੀ, ਨੇ ਨਵ ਵਿਆਹੇ ਜੋੜੇ ਨੂੰ ਸ਼ੁੱਭ ਅਸੀਸਾਂ ਦਿੱਤੀਆਂ।

# ਕਾਲਕਾ ਐਂਡ ਕੰਪਨੀ, ਸਰਕਾਰ ਦੀ ਚਾਪਲੂਸੀ ਵਿੱਚ ਸਹੀ ਅਤੇ ਗਲਤ ਦਾ ਫ਼ਰਕ ਕਰਨ ਦੀ ਗੁਆ ਚੁੱਕੀ ਹੈ ਸਮਰੱਥਾ: ਸਰਨਾ/ਜੀਕੇ

ਨਵੀਂ ਦਿੱਲੀ 9 ਜੂਨ (ਮਨਪ੍ਰੀਤ ਸਿੰਘ ਖਾਲਸਾ):- ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਅੱਜ ਦਿੱਲੀ ਕਮੇਟੀ ਪ੍ਰਬੰਧਕਾਂ ਵੱਲੋਂ ਪੰਜਾਬ ਵਿੱਚ ਈਸਾਈ ਧਰਮ ਦੇ ਫੈਲਾਅ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਜ਼ਿੰਮੇਵਾਰ ਠਹਿਰਾਉਣ ਵਾਲੀ ਟਿੱਪਣੀ 'ਤੇ ਪ੍ਰਤੀਕਿਰਿਆ ਦਿੱਤੀ ਹੈ। ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਅਤੇ ਮਨਜੀਤ ਸਿੰਘ ਜੀ.ਕੇ. ਨੇ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੂੰ ਪੁੱਛਿਆ ਕਿ ਉਹ ਦੱਸਣ ਕਿ ਪੀਲੀਭੀਤ, ਯੂ.ਪੀ. ਵਿੱਚ 3000 ਸਿੱਖਾਂ ਦੇ ਈਸਾਈ ਧਰਮ ਅਪਣਾਉਣ ਲਈ ਕੌਣ ਜ਼ਿੰਮੇਵਾਰ ਹੈ.? ਪਿਛਲੇ ਹਫ਼ਤੇ ਮਾਡਲ ਟਾਊਨ ਵਿੱਚ ਇੱਕ ਸਿੱਖ ਪਰਿਵਾਰ ਦੇ ਚਾਰ ਮੈਂਬਰਾਂ ਵੱਲੋਂ ਵਿੱਤੀ ਸੰਕਟ ਕਾਰਨ ਕੀਤੀਆਂ ਗਈਆਂ ਖੁਦਕੁਸ਼ੀਆਂ ਲਈ ਕੌਣ ਜ਼ਿੰਮੇਵਾਰ ਹੈ ? ਸਰਨਾ ਅਤੇ ਜੀ.ਕੇ. ਨੇ ਕਿਹਾ ਕਿ ਕਾਲਕਾ ਐਂਡ ਕੰਪਨੀ, ਜੋ ਸਰਕਾਰ ਦੀ ਚਾਪਲੂਸੀ ਵਿੱਚ ਸਹੀ ਅਤੇ ਗਲਤ ਵਿੱਚ ਫ਼ਰਕ ਕਰਨ ਦੀ ਸਮਰੱਥਾ ਗੁਆ ਚੁੱਕੀ ਹੈ, ਨੂੰ ਆਪਣੇ ਐਨਕਾਂ ਦੇ ਨੰਬਰ ਦੁਬਾਰਾ ਬਦਲਣ ਦੀ ਲੋੜ ਹੈ, ਕਿਉਂਕਿ 46 ਡਿਗਰੀ ਤਾਪਮਾਨ ਵਿੱਚ ਦਿੱਲੀ ਦੇ ਹਰ ਕੋਨੇ ਤੋਂ ਆਉਣ ਵਾਲੇ ਹਜ਼ਾਰਾਂ ਲੋਕ ਉਨ੍ਹਾਂ ਨੂੰ ਸਿਰਫ਼ 100 ਹੀ ਦਿਖਾਈ ਦਿੱਤੇ ਹਨ। ਸਾਡੇ ਵਿਰੋਧ ਪ੍ਰਦਰਸ਼ਨ ਵਿੱਚ ਇਨ੍ਹਾਂ ਦੀ ਤਰ੍ਹਾਂ ਨਾ ਤਾਂ ਕਮੇਟੀ ਅਤੇ ਸਕੂਲਾਂ ਦਾ ਮਜਬੂਰ ਸਟਾਫ ਸੀ ਅਤੇ ਨਾ ਹੀ ਕਿਰਾਏ ਦੀਆਂ ਬੱਸਾਂ ਵਿੱਚ ਭਰ ਕੇ ਲਿਆਂਦੀ ਗਈ ਭਾਵੇਂ ਦੀ ਭੀੜ ਸੀ। ਜਿੱਥੋਂ ਤੱਕ ਕਾਲਕਾ ਦੇ ਇਸ ਦਾਅਵੇ ਦਾ ਸਵਾਲ ਹੈ ਕਿ ਸਾਡੇ ਪ੍ਰਦਰਸ਼ਨ ਕਰਕੇ ਮਾਸਟਰ ਤਾਰਾ ਸਿੰਘ ਦੀ ਰੂਹ ਸ਼ਰਮਸਾਰ ਹੋਈ ਹੈ, ਤਾਂ ਸਾਡਾ ਮੰਨਣਾ ਹੈ ਕਿ ਮਾਸਟਰ ਤਾਰਾ ਸਿੰਘ ਦੇ ਕਿਰਦਾਰ ਵਿੱਚ ਨਾ ਤਾਂ ਇਨ੍ਹਾਂ ਵਾਂਗ ਸਰਕਾਰੀ ਚਾਪਲੂਸੀ ਸੀ ਅਤੇ ਨਾ ਹੀ ਇਨ੍ਹਾਂ ਦੀ ਤਰ੍ਹਾਂ ਕੌਮ ਨਾਲ ਵਿਸ਼ਵਾਸਘਾਤ ਕਰਨ ਦਾ ਇਰਾਦਾ ਸੀ। ਪਰ ਇੰਨ੍ਹਾ ਵਲੋਂ ਕੀਤੀ ਗਈ ਪ੍ਰੈਸ ਕਾਨਫਰੰਸ ਵਿੱਚ ਕਾਲਕਾ ਦੇ ਸ਼ਬਦਾਂ ਅਤੇ ਸਰੀਰਕ ਭਾਸ਼ਾ ਨੇ ਇੰਨ੍ਹਾਂ ਦੀ ਨਿਰਾਸ਼ਾ ਨੂੰ ਜ਼ਰੂਰ ਦਰਸਾਇਆ ਹੈਂ।



### ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਵਿਖੇ

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲੜੀਵਾਰ ਗੁਰਬਾਣੀ ਕਥਾ ਵਿਆਖਿਆ ਦੌਰਾਨ ਹਾਜ਼ਰੀ ਭਰੀ




ਆਵਾਜ਼ਿ ਕੌਮ AWAZE QAUM International Newspaper & WEB TV








ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਵਿਖੇ ਅੱਜ ਲੜੀਵਾਰ ਗੁਰਬਾਣੀ ਕਥਾ ਵਿਆਖਿਆ ਦੀ ਹਾਜ਼ਰੀ ਭਰਦੇ ਹੋਏ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਹਾਜ਼ਰ ਸਿੱਖ ਸੰਗਤਾਂ, ਸਨਮਾਨਿਤ ਕਰਦੇ ਪ੍ਰਬੰਧਕ।



ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਵਿਖੇ

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਾਜ਼ਰੀ ਭਰੀ, ਪ੍ਰਬੰਧਕਾਂ ਵੱਲੋਂ ਸਨਮਾਨ












ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਵਿਖੇ ਲੜੀਵਾਰ ਗੁਰਬਾਣੀ ਕਥਾ ਵਿਆਖਿਆ ਦੀ ਹਾਜ਼ਰੀ ਭਰਦੇ ਹੋਏ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਹਾਜ਼ਰ ਸਿੱਖ ਸੰਗਤਾਂ, ਸਨਮਾਨਿਤ ਕਰਦੇ ਪ੍ਰਬੰਧਕ।



ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਪੰਜਾਬ ਦੇ ਪਿੰਡਾਂ 'ਚ ਈਸਾਈ ਪ੍ਰਚਾਰਕਾਂ ਵਲੋਂ ਵੱਡੀ ਗਿਣਤੀ ਵਿੱਚ

# ਧਰਮ ਪਰਿਵਰਤਨ ਕਰਾਉਣ ਦੇ ਮਾਮਲੇ ਰੋਕਣ 'ਚ ਸ਼੍ਰੋਮਣੀ ਕਮੇਟੀ ਅਸਫਲ: ਕਾਲਕਾ / ਕਾਹਲੋਂ




**ਨਵੀਂ ਦਿੱਲੀ, 9 ਜੂਨ (ਮਨਪ੍ਰੀਤ ਸਿੰਘ ਖਾਲਸਾ)**- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਪੰਜਾਬ ਦੇ 12 ਹਜ਼ਾਰ ਪਿੰਡਾਂ ਵਿਚੋਂ 8 ਹਜ਼ਾਰ ਪਿੰਡਾਂ ਵਿਚ ਈਸਾਈ ਧਰਮ ਦੇ ਪ੍ਰਚਾਰਕ ਪਹੁੰਚ ਗਏ ਹਨ ਜੋ ਗਰੀਬ ਤੇ ਕਮਜ਼ੋਰ ਸਿੱਖਾਂ ਨੂੰ ਅਨੇਕਾਂ ਤਰੀਕੇ ਦੇ ਲੋਭ ਤੇ ਲਾਲਚ ਦੇ ਕੇ ਈਸਾਈ ਧਰਮ ਨਾਲ ਜੋੜਨ ਦਾ ਕੰਮ ਕਰ ਰਹੇ ਹਨ। ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਪੰਜਾਬ 'ਚ ਈਸਾਈ ਧਰਮ ਦਾ ਪ੍ਰਚਾਰ ਇੰਨੀ ਵੱਡੀ ਪੱਧਰ 'ਤੇ ਪਹੁੰਚ ਗਿਆ ਹੈ ਪਰ ਕੌਮ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦੀ ਆਪਣੀ ਜ਼ਿੰਮੇਵਾਰੀ ਨਿਭਾਉਣ ਵਿਚ ਅਸਫਲ ਰਹੀ ਹੈ। ਉਹਨਾਂ ਕਿਹਾ ਕਿ ਸਿਰਫ ਪੰਜਾਬ ਹੀ ਨਹੀਂ ਬਲਕਿ ਦਿੱਲੀ ਵਿਚ ਵੀ ਕਮੇਟੀ ਨੇ ਆਪਣਾ ਸਿੱਖ ਮਿਸ਼ਨ ਸਥਾਪਿਤ ਕੀਤਾ ਹੋਇਆ ਹੈ ਜਦੋਂ ਕਿ ਇਸ ਵੱਲੋਂ ਇਕ ਵੀ ਸਿੱਖ ਪ੍ਰਚਾਰਕ ਦਿੱਲੀ ਦੇ ਕਿਸੇ ਵੀ ਇਲਾਕੇ ਵਿਚ ਨਹੀਂ ਭੇਜਿਆ ਗਿਆ। ਉਹਨਾਂ ਕਿਹਾ ਕਿ ਦੂਜੇ ਪਾਸੇ ਪੰਜਾਬ 'ਚ ਸੀਮਤ ਸਹੂਲਤਾਂ ਹੋਣ ਦੇ ਬਾਵਜੂਦ ਦਿੱਲੀ ਗੁਰਦੁਆਰਾ ਕਮੇਟੀ ਨੇ ਪਿਛਲੇ ਸਮੇਂ ਦੌਰਾਨ 2500 ਤੋਂ ਵੱਧ ਸਿੱਖਾਂ ਦੀ ਅੰਮ੍ਰਿਤਸੰਚਾਰ ਨਾਲ ਸਿੱਖੀ ਵਿਚ ਵਾਪਸੀ ਕਰਵਾਈ ਹੈ। ਉਹਨਾਂ ਕਿਹਾ ਕਿ ਹੁਣ ਅਸੀਂ ਫੈਸਲਾ ਕੀਤਾ ਹੈ ਤੇ ਮੀਟਿੰਗ ਕਰ ਕੇ ਹਰ ਮੈਂਬਰਾਂ ਨੂੰ ਕਿਹਾ ਹੈ ਕਿ ਉਹ ਆਪੋ ਆਪਣੇ ਇਲਾਕੇ ਵਿਚ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦੀ ਮੁਹਿੰਮ ਨੂੰ ਤੇਜ਼ ਕਰਨ ਅਤੇ ਅੰਮ੍ਰਿਤ ਸੰਚਾਰ ਦੇ ਕੈਂਪ ਲਗਾ ਕੇ ਵੱਧ ਤੋਂ ਵੱਧ ਗਿਣਤੀ ਵਿਚ ਸਿੱਖਾਂ ਨੂੰ ਖੰਡੇ ਬਾਟੇ ਦਾ ਪਾਹੁਲ ਛਕਾਇਆ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

## ਸਰਨਾ ਤੇ ਜੀ.ਕੇ. ਵੱਲੋਂ ਗੁਰਦੁਆਰਾ ਰਕਾਬਗੰਜ ਸਾਹਿਬ ਕੰਪਲੈਕਸ 'ਚ ਧਰਨੇ ਲਾਉਣਾ ਬੇਹੱਦ ਨਿੰਦਣਯੋਗ

ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਬੀਤੇ ਕੱਲ੍ਹ ਗੁਰਦੁਆਰਾ ਰਕਾਬਗੰਜ ਸਾਹਿਬ ਕੰਪਲੈਕਸ ਵਿਚ ਧਰਨਾ ਦੇਣ 'ਤੇ ਸਾਬਕਾ ਪ੍ਰਧਾਨਾਂ ਪਰਮਜੀਤ ਸਿੰਘ ਸਰਨਾ ਤੇ ਮਨਜੀਤ ਸਿੰਘ ਜੀ.ਕੇ. ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਦਾ ਗਠਨ 1971 ਦੇ ਪਾਰਲੀਮੈਂਟ ਦੇ ਐਕਟ ਮੁਤਾਬਕ ਹੋਇਆ ਹੈ। ਜਦੋਂ ਤੋਂ ਐਕਟ ਮੁਤਾਬਕ ਚੋਣਾਂ ਹੋਈਆਂ ਹਨ, ਕਦੇ ਵੀ ਸਿੰਘ ਸਭਾਵਾਂ ਦੇ ਮੈਂਬਰਾਂ ਦੀ ਲਾਟਰੀ ਸਿਸਟਮ ਵਾਸਤੇ ਚੋਣ ਵਿਚ ਦੂਜੇ ਤੋਂ ਤੀਜੀ ਪਰਚੀ ਨਹੀਂ ਕੱਢੀ ਗਈ ਪਰ 2021 ਵਿਚ ਹੋਈਆਂ ਚੋਣਾਂ ਵਿਚ ਪਰਮਜੀਤ ਸਿੰਘ ਸਰਨਾ ਤੇ ਮਨਜੀਤ ਸਿੰਘ ਜੀ.ਕੇ. ਆਮ ਆਦਮੀ ਪਾਰਟੀ ਸਰਕਾਰ ਨਾਲ ਰਲੇ ਹੋਏ ਸਨ, ਜਿਸ ਕਾਰਣ ਉਸ ਦੇ ਗੁਰਦੁਆਰਾ ਚੋਣਾਂ ਦੇ ਡਾਇਰੈਕਟਰ ਨਰਿੰਦਰ ਸਿੰਘ ਨੇ ਪੰਜ ਪਰਚੀਆਂ ਕੱਢਵਾ ਦਿੱਤੀਆਂ। ਉਹਨਾਂ ਕਿਹਾ ਕਿ ਜਦੋਂ ਇਸ ਗੈਰ ਕਾਨੂੰਨੀ ਫੈਸਲੇ ਨੂੰ ਪਹਿਲੀਆਂ ਦੋ ਪਰਚੀਆਂ ਵਿਚ ਮੈਂਬਰ ਬਣੇ ਮਨਜੀਤ ਸਿੰਘ ਤੇ ਕਸ਼ਮੀਰ ਨੇ ਅਦਾਲਤ ਵਿਚ ਚੁਣੌਤੀ ਦਿੱਤੀ ਤਾਂ ਹੁਣ ਬੀਤੇ ਸਮੇਂ ਵਿਚ ਹੋਈ ਤਰੁੱਟੀ ਨੂੰ ਦਰੁੱਸਤ ਕਰ ਕੇ ਉਹਨਾਂ ਦੀ ਮੈਂਬਰਸ਼ਿਪ ਮਨਜ਼ੂਰ ਕੀਤੀ ਗਈ ਹੈ। ਉਹਨਾਂ ਕਿਹਾ ਕਿ ਜੇਕਰ ਸਰਨਾ ਤੇ ਜੀ ਕੇ ਨੂੰ ਕੋਈ ਇਤਰਾਜ਼ ਸੀ ਤਾਂ ਉਹ ਗੁਰਦੁਆਰਾ ਚੋਣ ਡਾਇਰੈਕਟੋਰੇਟ ਦੇ ਸਾਹਮਣੇ ਧਰਨਾ ਦਿੰਦੇ ਜਾਂ ਦਿੱਲੀ ਸਰਕਾਰ ਦੇ ਡਾਇਰੈਕਟੋਰੇਟ ਦੇ ਸਾਹਮਣੇ ਧਰਨਾ ਦਿੰਦੇ ਪਰ ਉਹਨਾਂ ਗੁਰਦੁਆਰਾ ਰਕਾਬਗੰਜ ਸਾਹਿਬ ਕੰਪਲੈਕਸ ਦੀ ਚੋਣ ਕੀਤੀ ਅਤੇ ਮਾਸਟਰ ਤਾਰਾ ਸਿੰਘ ਜੀ ਜਿਹਨਾਂ ਨੇ ਪੰਥ ਵਾਸਤੇ ਵੱਡੀਆਂ ਘਾਲਣਾਵਾਂ ਘਾਲੀਆਂ, ਦੇ ਬੁੱਤ ਅੱਗੇ ਜਾ ਕੇ ਆਪਣਾ ਰੋਸ ਮਾਰਚ ਖ਼ਤਮ ਕੀਤਾ। ਉਹਨਾਂ ਕਿਹਾ ਕਿ ਇਹਨਾਂ ਦੀਆਂ ਹਰਕਤਾਂ ਤੋਂ ਅੱਜ ਮਾਸਟਰ ਤਾਰਾ ਸਿੰਘ ਦੀ ਰੂਹ ਨੂੰ ਵੀ ਸ਼ਰਮਸ਼ਾਰ ਹੋਈ ਹੋਵੇਗੀ। ਉਹਨਾਂ ਕਿਹਾ ਕਿ ਸਭ ਤੋਂ ਵੱਡੀ ਗੱਲ ਹੈ ਕਿ ਸਾਰੀ ਦਿੱਲੀ ਵਿਚੋਂ ਇਹਨਾਂ ਦੋਵੇਂ ਆਗੂਆਂ ਸਰਨਾ ਤੇ ਜੀ ਕੇ ਨੂੰ ਸਿਰਫ 100 ਮੈਂਬਰ ਹੀ ਧਰਨੇ ਵਾਸਤੇ ਮਿਲੇ ਜਦੋਂ ਕਿ ਜੇਕਰ ਅਸੀਂ ਕਮੇਟੀ ਦੇ ਸਾਰੇ ਹਲਕਿਆਂ ਵਿਚੋਂ ਸਿਰਫ ਦੋ-ਦੋ ਮੈਂਬਰ ਹੀ ਲੈ ਲੈਂਦੇ ਤਾਂ 100 ਮੈਂਬਰ ਹੋ ਜਾਣੇ ਸਨ। ਉਹਨਾਂ ਕਿਹਾ ਕਿ ਅੱਜ ਪਰਮਜੀਤ ਸਿੰਘ ਸਰਨਾ ਤੇ ਮਨਜੀਤ ਸਿੰਘ ਜੀ ਕੇ ਖੁਦ ਮਾਯੂਸ ਤੇ ਨਿਰਾਸ਼ ਹਨ ਤੇ ਇਸ ਤਰੀਕੇ ਦੀਆਂ ਹਰਕਤਾਂ 'ਤੇ ਉਤਰੇ ਹੋਏ ਹਨ।

# ਅੱਜ ਲੋੜ ਹੈ ਬੱਚਿਆਂ ਨੂੰ ਵਾਤਾਵਰਨ ਦਿਵਸ ਬਾਰੇ ਦੱਸਣ ਦੀ ਤਾਂ ਜੋ ਆਉਣ ਵਾਲੀ ਪੀੜ੍ਹੀ ਨੂੰ ਹਰਿਆ ਭਰਿਆ ਵਾਤਾਵਰਨ ਦੇ ਸਕੀਏ-ਪ੍ਰਿੰਸੀਪਲ ਅਮਰਪ੍ਰੀਤ ਕੌਰ




**ਜੰਡਿਆਲਾ ਗੁਰੂ, 9 ਜੂਨ ( ਕੁਲਵੰਤ ਸਿੰਘ ਵਿਰਦੀ )**-ਵਾਤਾਵਰਨ ਸੰਭਾਲ ਲਈ ਯੋਧੇ ਬਣਨ ਲਈ ਅਤੇ ਸੰਵੇਦਨਸ਼ੀਲ ਬਣਾਉਣ ਲਈ ਅੱਜ ਸੇਂਟ ਸੋਲਜਰ ਇਲੀਟ ਕੌਨਵੈਂਟ ਸਕੂਲ ਜੰਡਿਆਲਾ ਗੁਰੂ ਵਿਖੇ ਵਾਤਾਵਰਨ ਦਿਵਸ ਮਨਾਇਆ ਗਿਆ। ਬੱਚਿਆਂ ਨੂੰ ਜਾਗਰੂਕ ਕੀਤਾ ਗਿਆ ਕਿ ਹਰ ਦਿਨ ਵਾਤਾਵਰਨ ਦਿਵਸ ਹੈ ਅਤੇ ਵਾਤਾਵਰਨ ਦਿਵਸ ਮਨਾਉਣ ਦਾ ਉਦੇਸ਼ ਸਾਡੇ ਘਾਹ ਨੂੰ ਹਰਾ ਅਤੇ ਸਾਡੇ ਆਸਮਾਨ ਨੂੰ ਨੀਲਾ ਰੱਖਣਾ ਹੈ ਜਿਸ ਨਾਲ ਘੱਟ ਪ੍ਰਦੂਸ਼ਣ ਹੋਵੇ। ਧਰਤੀ ਨੂੰ ਭਿਆਨਕ ਗਰਮੀ ਤੋਂ ਬਚਾਉਣ ਲਈ ਅਤੇ ਲੋੜ ਦੀ ਘੜੀ ਨੂੰ ਸਮਝਣ ਲਈ ਸੈਂਟ ਸੋਲਜਰ ਸਕੂਲ ਦੇ ਵਿਦਿਆਰਥੀਆਂ ਨੇ ਸਕੂਲ ਦੇ ਆਲੇ ਦੁਆਲੇ ਪੌਦੇ ਲਗਾਏ। ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾਕਟਰ ਮੰਗਲ ਸਿੰਘ ਕਿਸ਼ਨਪੁਰੀ ਜੀ ਅਤੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਜੀ ਵੱਲੋਂ ਵਿਦਿਆਰਥੀ ਨਾਲ ਮਿਲ ਕੇ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਸਹੁੰ ਚੁੱਕੀ। ਅਤੇ ਬੱਚਿਆਂ ਨੂੰ ਵੀ ਵਾਤਾਵਰਨ ਨੂੰ ਸੰਭਾਲਣ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਕਿਹਾ। ਇਸ ਸਬੰਧ ਵਿੱਚ ਸਕੂਲ ਵੱਲੋਂ ਬੱਚਿਆਂ ਨੂੰ" ਇੱਕ ਬੱਚਾ ਇੱਕ ਪੌਦਾ" ਦੇ ਨਾਂ ਦਾ ਪ੍ਰੋਜੈਕਟ ਦਿੱਤਾ ਗਿਆ। ਵਿਦਿਆਰਥੀ ਆਪਣੇ ਘਰਾਂ ਵਿੱਚ ਜਾਂ ਘਰਾਂ ਦੇ ਆਲੇ ਦੁਆਲੇ ਇੱਕ ਪੌਦਾ ਲਗਾ ਕੇ ਉਸ ਦੀ ਫੋਟੋ ਕਲਿੱਕ ਕਰਨਗੇ ਅਤੇ ਹਰ ਇੱਕ ਬੱਚੇ ਦਾ ਪ੍ਰਮੋਸ਼ਨ ਗਰਾਫ ਬਣਾਈ ਰੱਖਿਆ ਜਾਵੇਗਾ। ਇਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਅਮਰਪ੍ਰੀਤ ਕੌਰ ਜੀ ਨੇ ਕਿਹਾ ਕਿ ਅੱਜ ਲੋੜ ਹੈ ਬੱਚਿਆਂ ਨੂੰ ਵਾਤਾਵਰਨ ਦਿਵਸ ਬਾਰੇ ਦੱਸਣ ਦੀ ਤਾਂ ਕਿ ਬੱਚੇ ਇਹ ਸਮਝ ਸਕਣ ਕਿ ਰੁੱਖ ਲਗਾਉਣੇ ਕਿੰਨੇ ਜਰੂਰੀ ਹਨ ਤਾਂ ਹੀ ਅਸੀਂ ਆਉਣ ਵਾਲੀ ਪੀੜੀ ਨੂੰ ਹਰਿਆ ਭਰਿਆ ਵਾਤਾਵਰਨ ਦੇ ਸਕਦੇ ਹਾਂ। ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰਸੀਪਲ ਸ੍ਰੀਮਤੀ ਗੁਰਪ੍ਰੀਤ ਕੌਰ ਜੀ ਸ਼ਿਲਪਾ ਸ਼ਰਮਾ ਕੋਆਰਡੀਨੇਟਰ ਨਿਲਾਕਸ਼ੀ ਗੁਪਤਾ ਕੁਆਰਡੀਨੇਟਰ ਸਟਾਫ ਤੇ ਬਚੇ ਹਾਜਰ ਸਨ! ਸੈਂਟ ਸੋਲਜਰ ਸਕੂਲ ਵਿੱਚ ਵਾਤਾਵਰਨ ਦਿਵਸ ਮਨਾਇਆ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

ਅਕਾਲ ਯੂਨੀਵਰਸਿਟੀ ਵੱਲੋਂ

# 'ਪਲਾਸਟਿਕ ਪ੍ਰਦੂਸ਼ਣ ਦਾ ਅੰਤਰਰਾਸ਼ਟਰੀ ਪੱਧਰ ਤੇ ਖ਼ਾਤਮਾ' ਸਿਰਲੇਖ ਅਧੀਨ ਵਾਤਾਵਰਨ ਦਿਵਸ ਮਨਾਇਆ ਗਿਆ








**ਤਲਵੰਡੀ ਸਾਬੋ, 09 ਜੂਨ (ਗੁਰਜੰਟ ਸਿੰਘ ਨਥੇਹਾ)**- ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ, ਦੇ ਐੱਨਐੱਸਐਸ ਸੈੱਲ ਅਤੇ ਈਕੋ ਕਲੱਬ ਦੇ ਸਾਂਝੇ ਉਪਰਾਲੇ ਨਾਲ "ਪਲਾਸਟਿਕ ਪ੍ਰਦੂਸ਼ਣ ਦਾ ਅੰਤਰਰਾਸ਼ਟਰੀ ਪੱਧਰ 'ਤੇ ਖ਼ਾਤਮਾ" ਸਿਰਲੇਖ ਅਧੀਨ 'ਮਨਿਸਟਰੀ ਆਫ਼ ਵਾਤਾਵਰਨ ਜੰਗਲਾਤ ਅਤੇ ਮੌਸਮੀ ਤਬਦੀਲੀ' ਵਿਭਗ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਤਿੰਨ ਰੋਜ਼ਾ ਵਾਤਾਵਰਨ ਦਿਵਸ ਮਨਾਇਆ ਗਿਆ। ਇਸ ਦੌਰਾਨ ਵੱਖ-ਵੱਖ ਬੁਲਾਰਿਆਂ ਵੱਲੋਂ ਭਾਸ਼ਣ ਦਿਤੇ ਗਏ। ਪਹਿਲੇ ਦਿਨ ਮਿਸਟਰ ਮੁਜ਼ਾਮਿਲ ਖ਼ਾਨ, ਐਗਜ਼ੈਕਟਿਵ ਟ੍ਰੇਨਰ, ਸੈਂਟਰ ਫਾਰ ਕੰਪੀਟੇਟਿਵ ਐਗਜ਼ਾਮੀਨੇਸ਼ਨ ਮੁੱਖ ਬੁਲਾਰੇ ਦੇ ਤੌਰ 'ਤੇ ਹਾਜਰ ਹੋਏ। ਸ਼ੈਸ਼ਨ ਦੀ ਸ਼ੁਰੂਆਤ ਡਾ. ਜਨਪ੍ਰੀਤ ਸਿੰਘ , ਐੱਨਐੱਸਐੱਸ ਕੋਆਰਡੀਨੇਟਰ ਨੇ ਆਪਣੇ ਸੁਆਗਤੀ ਭਾਸ਼ਣ ਨਾਲ ਕੀਤੀ ਜਿਸ ਵਿੱਚ ਉਨ੍ਹਾਂ ਨੇ ਮੁਖ ਬੁਲਾਰੇ, ਵਿਦਿਆਰਥੀਆਂ ਅਤੇ ਹਾਜ਼ਰੀਨ ਸਟਾਫ਼ ਦਾ ਨਿੱਘੇ ਸ਼ਬਦਾਂ ਨਾਲ ਸੁਆਗਤ ਕੀਤਾ ਤੇ ਮਨਿਸਟਰੀ ਆਫ਼ ਵਾਤਾਵਰਨ ਜੰਗਲਾਤ ਅਤੇ ਮੌਸਮੀ ਤਬਦੀਲੀ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਸਬੰਧੀ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਅਤੇ ਅਕਾਲ ਯੂਨੀਵਰਸਿਟੀ ਵੱਲੋਂ ਪਲਾਸਟਿਕ ਪ੍ਰਦੂਸ਼ਣ ਦੀ ਰੋਕਥਾਮ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਜਗਰੂਕ ਕੀਤਾ। ਇਸ ਉਪਰੰਤ ਮਿਸਟਰ ਮੁਜ਼ਾਮਿਲ ਖਾਨ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਪਲਾਸਟਿਕ ਪ੍ਰਦੂਸ਼ਣ ਤਿੰਨ ਵੱਡੀਆਂ ਗਲੋਬਲ ਸਮੱਸਿਆਵਾਂ ਮੌਸਮੀ ਤਬਦੀਲੀ, ਜੀਵ ਵਿਭਿੰਨਤਾ ਦੀ ਘਾਟ ਅਤੇ ਵਾਤਾਵਰਣਕ ਪ੍ਰਦੂਸ਼ਣ ਲਈ ਜ਼ਿੰਮੇਵਾਰ ਹੈ। ਉਨ੍ਹਾਂ ਦੱਸਿਆ ਕਿ ਭਾਰਤ ਨੇ 2022 ਤੋਂ ਇੱਕ ਵਾਰ ਵਰਤੋਂ ਵਿੱਚ ਆਉਣ ਵਾਲੀ ਪਲਾਸਟਿਕ ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਹੈ। ਸਰਕਾਰ ਨੂੰ ਇਸ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰਨਾ ਚਾਹੀਦਾ ਹੈ। ਸਰਕਾਰ ਨੂੰ ਨਵੀਆਂ ਪਲਾਸਟਿਕ ਤੋਂ ਤੇਲ ਬਣਾਉਣ ਵਰਗੀਆਂ ਉਦਯੋਗਿਕ ਤਕਨੀਕਾਂ ਦਾ ਵੱਧ ਤੋਂ ਵੱਧ ਵਿਸਥਾਰ ਕਰਨਾ ਚਾਹੀਦਾ ਹੈ। ਸੈਸ਼ਨ ਦੌਰਾਨ ਵਿਦਿਆਰਥੀਆਂ ਨੂੰ ਪਲਾਸਟਿਕ ਦੇ ਸਰੋਤ, ਉਨ੍ਹਾਂ ਦੀ ਵਰਤੋਂ, ਮਾਈਕ੍ਰੋਪਲਾਸਟਿਕ ਵਰਗੀਆਂ ਘਾਤਕ ਚੀਜ਼ਾਂ ਦੇ ਦੁਰਪ੍ਰਭਾਵਾਂ ਅਤੇ ਪਲਾਸਟਿਕ ਦੇ ਕੂੜੇ-ਕਰਕਟ ਕਰਕੇ ਲੈਂਡਫ਼ਿਲਜ਼ ਦੀ ਸਮੱਸਿਆ ਬਾਰੇ ਵਿਸਥਾਰ ਨਾਲ ਦੱਸਿਆ ਗਿਆ। ਇਸ ਦੌਰਾਨ 150 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਸੈਸ਼ਨ ਦੀ ਸਮਾਪਤੀ ਉਪਰੰਤ ਵਿਦਿਆਰਥੀਆਂ ਨਾਲ ਖੁੱਲ੍ਹੀ ਵਿਚਾਰ-ਚਰਚਾ ਵੀ ਕੀਤੀ ਗਈ ਅਤੇ ਵਿਦਿਆਰਥੀਆਂ ਦੇ ਪ੍ਰਸ਼ਨਾਂ ਦੇ ਢੁਕਵੇਂ ਜੁਆਬ ਦਿੱਤੇ ਗਏ। ਸਮਾਗਮ ਦੌਰਾਨ ਸੁਖਦੇਵ ਸਿੰਘ, ਡਾਇਰੈਕਟਰ ਆਈਕਿਊਏਸੀ ਵੀ ਹਾਜ਼ਿਰ ਸਨ। ਸਮਾਗਮ ਦੇ ਦੂਜੇ ਦਿਨ ਮੇਜਰ ਜਨਰਲ (ਡਾ.) ਜੀ.ਐੱਸ. ਲਾਂਬਾ, ਡੀਨ ਅਕੈਡਮਿਕਸ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ ਨੇ ਮੁੱਖ ਬੁਲਾਰੇ ਦੇ ਤੌਰ 'ਤੇ ਸ਼ਿਰਕਤ ਕੀਤੀ। ਇਸ ਸਮਾਗਮ ਦੌਰਾਨ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ 200 ਦੇ ਕਰੀਬ ਵਿਦਿਆਰਥੀ ਹਾਜ਼ਰ ਹੋਏ। ਉਪਰੰਤ ਮੇਜਰ ਜਨਰਲ ਜੀ. ਐੱਸ.ਲਾਂਬਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਸਾਡੀਆਂ ਅਰਥਵਿਵਸਥਾਵਾਂ, ਸਮਾਜ ਅਤੇ ਭਵਿੱਖ ਇੱਕ ਖ਼ੁਸ਼ਹਾਲ ਕੁਦਰਤੀ ਸੰਸਾਰ 'ਤੇ ਨਿਰਭਰ ਕਰਦੇ ਹਨ। ਸਾਡੇ ਵੱਲੋਂ ਵਾਤਾਵਰਨ ਨਾਲ ਛੇੜਛਾੜ ਕਰਨ ਦੇ ਦੁਰਪ੍ਰਭਾਵਾਂ ਵਜੋਂ ਪਸ਼ੂ-ਪੰਛੀਆਂ ਦੀਆਂ ਕਈ ਪ੍ਰਜਾਤੀਆਂ ਚਿੰਤਾਜਨਕ ਢੰਗ ਨਾਲ ਅਲੋਪ ਹੁੰਦੀਆਂ ਜਾ ਰਹੀਆਂ ਹਨ, ਤਾਪਮਾਨ ਲਗਾਤਾਰ ਵਧਦਾ ਜਾ ਰਿਹਾ ਹੈ, ਗ਼ਲੇਸ਼ੀਅਰ ਲਗਾਤਾਰ ਪਿਘਲ ਰਹੇ ਹਨ ਜਿਸ ਨਾਲ ਸਮੁਦਰਾਂ ਦੇ ਪਾਣੀ ਦੇ ਪੱਧਰ ਵਿੱਚ ਵਾਧਾ ਹੋ ਰਿਹਾ ਹੈ। ਇਸ ਦੌਰਾਨ ਵਿਦਿਆਰਥੀਆਂ ਨੂੰ ਰੁੱਖ਼ ਲਗਾਉਣ ਬਾਰੇ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਾਡੇ ਲਈ ਚੁਣੌਤੀਆਂ ਬਹੁਤ ਜ਼ਿਆਦਾ ਹਨ ਪਰ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸਾਡੀ ਸਮਰੱਥਾ ਵੀ ਓਨੀ ਹੀ ਜ਼ਿਆਦਾ ਹੈ। ਉਨ੍ਹਾਂ ਕਿਹਾ ਕਿ ਆਓ ਅਸੀਂ ਸਾਰੇ ਉਹ ਪੀੜ੍ਹੀ ਬਣੀਏ ਜਿਸ ਨੇ ਰਲ ਕੇ ਇਸ ਸਮੱਸਿਆ ਦਾ ਹੱਲ ਕਰਨਾ ਹੈ। ਸ਼ੈਸ਼ਨ ਦੇ ਤੀਸਰੇ ਦਿਨ ਮੁਹੰਮਦ ਮਹਿਬੂਬ ਹੁਸੈਨ ਸਰਦਾਰ ਮੁੱਖ ਬੁਲਾਰੇ ਦੇ ਤੌਰ ਤੇ ਹਾਜ਼ਰ ਹੋਏ। ਇਸ ਦੌਰਾਨ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਸਟਾਫ਼ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਮੁਹੰਮਦ ਮਹਿਬੂਬ ਹੁਸੈਨ ਨੇ ਕਿਹਾ ਕਿ ਵਿਸ਼ਵ ਵਾਤਾਵਰਣ ਦਿਵਸ 2025 ਦੀ ਮੇਜ਼ਬਾਨੀ ਰਿਪਬਲਿਕ ਆਫ਼ ਕੋਰੀਆ ਵੱਲੋਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਜੋਕੇ ਦੌਰ ਵਿੱਚ ਵਧ ਰਿਹਾ ਧੁਨੀ ਪ੍ਰਦੂਸ਼ਣ, ਜਲ ਪ੍ਰਦੂਸ਼ਣ, ਹਵਾ ਪ੍ਰਦੂਸ਼ਣ ਵਾਤਾਵਰਨ ਲਈ ਵੱਡਾ ਖ਼ਤਰਾ ਬਣ ਗਿਆ ਹੈ। ਫ਼ੈਕਟਰੀਆਂ ਦੀ ਰਹਿੰਦ-ਖੂਹੰਦ ਨੂੰ ਨਦੀਆਂ ਨਾਲਿਆਂ ਵਿੱਚ ਵਹਾਉਣ ਕਾਰਨ ਮਿੱਟੀ ਅਤੇ ਪਾਣੀ ਦੋਵੇਂ ਪ੍ਰਦੂਸ਼ਿਤ ਹੋ ਰਹੇ ਹਨ, ਜਿਸ ਨਾਲ ਭੂਮੀ ਦੀ ਉਪਜਾਊ ਸ਼ਕਤੀ ਘਟਦੀ ਜਾ ਰਹੀ ਹੈ। ਕਾਰਬਨਡਾਈਆਕਸਾਈਡ ਅਤੇ ਮੀਥੇਨ ਆਦਿ ਗੈਸਾਂ ਵਾਤਾਵਰਨ ਦਾ ਤਾਪਮਾਨ ਲਗਾਤਾਰ ਵਧਾ ਰਹੀਆਂ ਹਨ, ਜਿਸ ਨਾਲ ਗਲੇਸ਼ੀਅਰ ਪਿਘਲਦੇ ਜਾ ਰਹੇ ਹਨ। ਹਵਾ ਵਿੱਚ ਫ਼ੈਲ ਰਹੀਆਂ ਜ਼ਿਹਰੀਲਾਂ ਗੈਸਾਂ ਕਾਰਨ ਦਿਲ ਦੇ ਰੋਗ, ਫ਼ੇਫੜਿਆਂ ਦੇ ਰੋਗ ਅਤੇ ਚਮੜੀ ਦੇ ਰੋਗੀਆਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਭਾਰਤ ਸਰਕਾਰ ਨੇ ਇਸ ਚਿੰਤਾਜਨਕ ਸਥਿਤੀ ਨੂੰ ਦੇਖਦਿਆਂ 2015 ਵਿੱਚ 'ਸਮਾਰਟ ਸਿਟੀਜ਼ ਮਿਸ਼ਨ" ਦੀ ਸ਼ੁਰੂਆਤ ਕੀਤੀ ਸੀ। ਇਸ ਮਿਸ਼ਨ ਦਾ ਉਦੇਸ਼ ਭਾਰਤ ਦੇ 100 ਸ਼ਹਿਰਾਂ ਨੂੰ ਸੁੰਦਰ ਅਤੇ ਸਾਫ਼-ਸੁਥਰਾ ਬਣਾਉਣਾ ਹੈ। ਇਸ ਮਿਸ਼ਨ ਅਧੀਨ ਮੀਂਹ ਦੇ ਪਾਣੀ ਨੂੰ ਸਾਫ਼ ਕਰਕੇ ਵਰਤੋਂਯੋਗ ਬਣਾਉਣਾ, ਪਲਾਸਟਿਕ ਦੇ ਕੂੜੇ-ਕਰਕਟ ਨੂੰ ਦੁਬਾਰਾ ਰੀਸਾਈਕਲ ਕਰਕੇ ਵਰਤੋਂਯੋਗ ਬਣਾਉਣਾ, ਵਾਹਨਾਂ ਤੋਂ ਹੋਣ ਵਾਲੇ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਆਈ.ਓ.ਟੀ. ਤਕਨਾਲੌਜੀ ਦਾ ਵਿਕਾਸ ਕਰਨਾ ਸ਼ਾਮਿਲ ਹਨ। ਉਨ੍ਹਾਂ ਨੇ ਕਿਹਾ ਕਿ ਸਾਨੂੰ ਪਲਾਸਟਿਕ ਦੇ ਲਿਫ਼ਾਫ਼ਿਆਂ ਦੀ ਵਰਤੋਂ ਕਰਨ ਦੀ ਬਜਾਏ ਕੱਪੜੇ ਜਾਂ ਕਾਗਜ਼ ਦੇ ਬਣੇ ਥੈਲਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ। ਖੇਤਾਂ ਵਿੱਚ ਘੱਟ ਤੋਂ ਘੱਟ ਕੀਟਨਾਸ਼ਕਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਕੋਲੇ ਤੋਂ ਬਿਜਲੀ ਪੈਦਾ ਕਰਨ ਦੀ ਬਜਾਏ ਪੌਣ ਚੱਕੀਆਂ, ਸੋਲਰ ਪੈਨਲ ਅਤੇ ਹਾਈਡਰੋ ਇਲੈਕਟ੍ਰਿਕ ਸਾਧਨਾਂ ਰਾਹੀਂ ਬਿਜਲੀ ਪੈਦਾ ਕਰਨ ਦੇ ਵਿਕਲਪਾਂ ਬਾਰੇ ਦੱਸਿਆ। ਆਪਣੇ ਭਾਸ਼ਣ ਦੌਰਾਨ ਉਨ੍ਹਾਂ ਨੇ ਡੀਜ਼ਲ ਅਤੇ ਪੈਟਰੋਲ ਵਾਹਨਾਂ ਦੀ ਵਰਤੋਂ ਘਟਾਉਣ ਅਤੇ ਇਲੈਕਟ੍ਰਿਕ ਵਾਹਨਾਂ ਦੀ ਵਰਤੋਂ ਨੂੰ ਵਧਾਉਣ ਉੱਤੇ ਜ਼ੋਰ ਦਿੱਤਾ। ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਵਾਤਾਵਰਨ ਦੀ ਸੰਭਾਲ ਅਤੇ ਪਲਾਸਟਿਕ ਮੁਕਤ ਸਮਾਜ ਸਿਰਜਣ ਲਈ ਇੱਕ-ਇੱਕ ਵਿਦਿਆਰਥੀ ਵੱਲੋਂ ਕੀਤੀ ਸ਼ੁਰੂਆਤ ਹੀ ਭਵਿੱਖ ਵਿੱਚ ਸੰਗਠਨ ਦਾ ਰੂਪ ਲਵੇਗੀ। ਸ਼ੈਸ਼ਨ ਦੌਰਾਨ ਸੈਂਟਰ ਫ਼ਾਰ ਕੰਪੀਟੇਟਿਵ ਐਗਜ਼ਾਮੀਨੇਸ਼ਨ ਦਾ ਸਟਾਫ਼ ਵੀ ਹਾਜ਼ਰ ਸੀ। ਸੈਸ਼ਨ ਦੇ ਅੰਤ ਵਿੱਚ ਡਾ. ਜਨਪ੍ਰੀਤ ਸਿੰਘ, ਐੱਨਐੱਸਐੱਸ ਕੋਆਰਡੀਨੇਟਰ ਨੇ ਮਾਨਯੋਗ ਵਾਈਸ ਚਾਂਸਲਰ, ਰਜਿਸਟਰਾਰ, ਬੁਲਾਰਿਆਂ, ਵੱਖ-ਵੱਖ ਵਿਭਾਗਾਂ ਦੇ ਮੁਖੀਆਂ, ਸਟਾਫ਼ ਅਤੇ ਹਾਜ਼ਰ ਵਿਦਿਆਰਥੀਆਂ ਦਾ ਇਸ ਸੈਸ਼ਨ ਨੂੰ ਸਫ਼ਲਤਾਪੂਰਕ ਮਨਾਉਣ ਲਈ ਧੰਨਵਾਦ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

ਪਹਿਲੇ ਸਿੱਖ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਾਹਿਬ ਮਹਿਰੋਲੀ ਦਿੱਲੀ ਵਿਖੇ

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿਰੋਪਾਉ ਭੇਂਟ ਕਰਕੇ ਸਨਮਾਨਿਤ ਕੀਤਾ











ਪਹਿਲੇ ਸਿੱਖ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਾਹਿਬ ਮਹਿਰੋਲੀ ਦਿੱਲੀ ਵਿਖੇ ਉਨ੍ਹਾਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ ਬਾਬਾ ਬੰਦਾ ਸਿੰਘ ਬਹਾਦੁਰ ਅੰਤਰਰਾਸ਼ਟਰੀ ਫਾਊਡੇਸ਼ਨ ਸ੍ਰੀ ਕ੍ਰਿਸ਼ਨ ਕੁਮਾਰ ਬਾਵਾ ਅਤੇ ਸਾਥੀਆਂ ਵੱਲੋਂ ਮਨਾਇਆ ਗਿਆ ਇਸ ਮੌਕੇ ਉਨਾਂ ਦੇ ਸੱਦੇ ਤੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਬੋਧਨ ਕੀਤਾ ਪ੍ਰਬੰਧਕਾਂ ਵੱਲੋਂ ਸਿਰੋਪਾਉ ਭੇਂਟ ਕਰਕੇ ਸਨਮਾਨਿਤ ਕੀਤਾ।



ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਸ੍ਰੀ ਗੁਰੂ ਨਾਨਕ ਦੇਵ ਹਸਪਤਾਲ ਉਤਰੀ ਭਾਰਤ 'ਚ

# ਵਿਲੱਖਣ ਸਰਜਰੀ ਕਰਨ ਵਾਲਾ ਬਣਿਆ ਪਹਿਲਾ ਸਰਕਾਰੀ ਹਸਪਤਾਲ-ਡਿਪਟੀ ਕਮਿਸ਼ਨਰ

**ਜੰਡਿਆਲਾ ਗੁਰੂ , 9 ਜੂਨ ( ਕੁਲਵੰਤ ਸਿੰਘ ਵਿਰਦੀ )**-ਸ੍ਰੀ ਗੁਰੂ ਨਾਨਕ ਦੇਵ ਹਸਪਤਾਲ ਉਤਰੀ ਭਾਰਤ ਦਾ ਅਜਿਹਾ ਪਹਿਲਾ ਸਰਕਾਰੀ ਹਸਪਤਾਲ ਬਣ ਗਿਆ ਹੈ, ਜਿਸ ਨੇ 13 ਸਾਲਾ ਬੱਚੇ ਦੀ ਪੀਡੀਆਟ੍ਰਿਕ ਕਾਰਡੀਓਲੋਜੀ ਇੰਟਰਵੈਂਸ਼ਨ ਦੇ ਖੇਤਰ ਵਿੱਚ ਇਕ ਮੀਲ ਪੱਥਰ ਸਥਾਪਤ ਕੀਤਾ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਮੈਡਮ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਡਾਕਟਰ ਸੁਨੀਤ ਨੇ ਰਾਸ਼ਟਰੀ ਬਾਲ ਸਵਸਥ ਪ੍ਰੋਗਰਾਮ ਅਧੀਨ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਸੀ ਕਿ ਇਕ ਬੱਚਾ ਜੋ ਕਿ 13 ਸਾਲਾਂ ਦਾ ਹੈ, ਦੁਰਲੱਭ ਬਿਮਾਰੀ ਦਾ ਸ਼ਿਕਾਰ ਹੈ । ਇਹ ਦਿਲ ਦੀ ਬਿਮਾਰੀ 10 ਲੱਖ ਬੱਚਿਆਂ ਵਿੱਚੋਂ ਕੇਵਲ ਇਕ ਬੱਚੇ ਨੂੰ ਹੁੰਦੀ ਹੈ, ਦੀ ਸਰਜਰੀ ਕਰਵਾਉਣੀ ਅਤਿ ਜਰੂਰੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਬੰਧੀ ਗੁਰੂ ਨਾਨਕ ਦੇਵ ਹਸਪਤਾਲ ਦੇ ਦਿਲ ਦੇ ਰੋਗਾਂ ਦੇ ਮਾਹਿਰ ਡਾ: ਪਰਮਿੰਦਰ ਸਿੰਘ ਨਾਲ ਗੱਲਬਾਤ ਕੀਤੀ ਅਤੇ ਡਾ: ਪਰਮਿੰਦਰ ਨੇ ਇਸ ਕੇਸ ਦੀ ਜਾਂਚ ਕਰਨ ਤੋਂ ਬਾਅਦ ਦੱਸਿਆ ਕਿ ਸਾਈਨਸ ਵੀਨੋਸਸ ਏਐਸਡੀ (Sinus Venosus ASD) ਜਿਸ ਨਾਲ ਜੁੜੀ ਹੋਈ ਪਾਰਸ਼ੀਅਲ ਅਨੋਮਲਸ ਪਲਮੋਨਰੀ ਵੇਨ ਕਨੈਕਸ਼ਨ (PAPVC) ਇੱਕ ਦੁਰਲੱਭ ਜਨਮ ਤੋਂ ਹੀ ਹੋਣ ਵਾਲੀ ਦਿਲ ਦੀ ਬੀਮਾਰੀ ਹੈ। ਇਸ ਰੋਗ ਨਾਲ ਪੀੜਤ ਮਰੀਜ਼ ਅਕਸਰ ਸਾਹ ਲੈਣ ਵਿੱਚ ਤਕਲੀਫ਼, ਵਧਣ ਵਿੱਚ ਅਸਫਲਤਾ ਅਤੇ ਉੱਪਰੀ ਸਾਹ ਨਲੀ ਦੇ ਬਾਰ-ਬਾਰ ਹੋਣ ਵਾਲੇ ਇਨਫੈਕਸ਼ਨਜ਼ ਨਾਲ ਪੇਸ਼ ਆਉਂਦੇ ਹਨ। ਰਵਾਇਤੀ ਤੌਰ 'ਤੇ ਇਸ ਰੋਗ ਦਾ ਇਲਾਜ ਸਰਜਰੀ ਰਾਹੀਂ ਕੀਤਾ ਜਾਂਦਾ ਹੈ ਜਿਸ ਵਿੱਚ ਕਾਰਡੀਓ-ਪਲਮੋਨਰੀ ਬਾਈਪਾਸ (CPB) ਦੀ ਲੋੜ ਪੈਂਦੀ ਹੈ ਅਤੇ ਕਈ ਵਾਰੀ ਇਹ ਕਾਰਵਾਈ SA ਨੋਡਲ ਡਿਸਫੰਕਸ਼ਨ ਅਤੇ ਰਿਹਾਈਸ਼ੀ ਲੀਕ ਵਰਗੀਆਂ ਜਟਿਲਤਾਵਾਂ ਨਾਲ ਭਰਪੂਰ ਹੁੰਦੀ ਹੈ ਅਤੇ ਇਹ ਦਿਲ ਦੀ ਜਨਮਜਾਤ ਬਿਮਾਰੀ ਪੂਰੇ ਸੰਸਾਰ ਵਿੱਚ ਕੇਵਲ 2 ਫੀਸਦੀ ਬੱਚਿਆਂ ਵਿੱਚ ਪਾਈ ਜਾਂਦੀ ਹੈ।



ਡਾ: ਪਰਮਿੰਦਰ ਸਿੰਘ ਵੱਲੋਂ ਇਸ ਬੱਚੇ ਦੀ ਵਿਲੱਖਣ ਬਿਮਾਰੀ ਦੀ ਸਰਜਰੀ ਕੀਤੀ ਗਈ ਅਤੇ ਇਹ ਬੱਚਾ ਹੁਣ ਬਿਲਕੁਲ ਠੀਕ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਰੈਡ ਕਰਾਸ ਦੀ ਸਹਾਇਤਾ ਨਾਲ ਇਸ ਬੱਚੇ ਦੀ ਦੁਰਲੱਭ ਸਰਜਰੀ ਕਰਵਾਈ ਗਈ ਹੁਣ ਇਹ ਬੱਚਾ ਇਹ ਬਿਮਾਰੀ ਤੋਂ ਮੁਕਤ ਹੋ ਗਿਆ ਹੈ।

ਇਸ ਮੌਕੇ ਡਿਪਟੀ ਕਮਿਸ਼ਨਰ ਵੱਲੋਂ ਰੈਡ ਕਰਾਸ ਦੀ ਸਹਾਇਤਾ ਨਾਲ 2.5 ਲੱਖ ਰੁਪਏ ਦਾ ਚੈਕ ਹਸਪਤਾਲ ਨੂੰ ਦਿੱਤਾ ਗਿਆ। ਉਨ੍ਹਾਂ ਨੇ ਬੱਚੇ ਨਾਲ ਮੁਲਾਕਾਤ ਵੀ ਕੀਤੀ ਅਤੇ ਉਸ ਨੂੰ ਆਪਣੀਆਂ ਸ਼ੁਭ ਇਛਾਵਾਂ ਦਿੱਤੀਆਂ। ਇਸ ਮੌਕੇ ਵਿਧਾਇਕ ਡਾ: ਅਜੇ ਗੁਪਤਾ ਵੀ ਵਿਸ਼ੇਸ਼ ਤੌਰ ਤੇ ਪੁੱਜੇ। ਉਨ੍ਹਾਂ ਨੇ ਇਸ ਕੰਮ ਲਈ ਰੈਡ ਕਰਾਸ ਅਤੇ ਡਾਕਟਰਾਂ ਦਾ ਧੰਨਵਾਦ ਵੀ ਕੀਤਾ। ਡਾ: ਗੁਪਤਾ ਨੇ ਕਿਹਾ ਕਿ ਬੜੇ ਫਖਰ ਦੀ ਗੱਲ ਹੈ ਕਿ ਗੁਰੂ ਨਾਨਕ ਦੇਵ ਹਸਪਤਾਲ ਉਤਰੀ ਭਾਰਤ ਦਾ ਪਹਿਲਾਂ ਅਜਿਹਾ ਸਰਕਾਰੀ ਹਸਪਤਾਲ ਬਣ ਗਿਆ ਜਿਸ ਨੇ ਇਸ ਵਿਲੱਖਣ ਬਿਮਾਰੀ ਦਾ ਇਲਾਜ ਕੀਤਾ ਹੈ। ਡਾ: ਗੁਪਤਾ ਵੱਲੋਂ ਦਿਲ ਦੇ ਰੋਗਾਂ ਦੇ ਮਾਹਿਰ ਡਾ: ਪਰਮਿੰਦਰ ਸਿੰਘ, ਪ੍ਰਿੰਸੀਪਲ ਮੈਡੀਕਲ ਕਾਲਜ ਡਾ: ਰਾਜੀਵ ਦੇਵਗਨ, ਡਿਪਟੀ ਮੈਡੀਕਲ ਸੁਪਰਡੰਟ, ਡਾ: ਆਈ:ਪੀ:ਐਸ ਗਰੋਵਰ ਅਤੇ ਸਮੂਹ ਨਰਸਿੰਗ ਸਟਾਫ ਦਾ ਧੰਨਵਾਦ ਕਰਦਿਆਂ ਕਿਹਾ ਕਿ ਤੁਹਾਡੀਆਂ ਕੋਸ਼ਿਸ਼ਾਂ ਸਦਕਾ ਹੀ ਇਸ ਬੱਚੇ ਦੀ ਜਾਨ ਬਚੀ ਹੈ ਤੁਸੀਂ ਸਾਰੇ ਪ੍ਰਸ਼ੰਸਾ ਦੇ ਹੱਕਦਾਰ ਹੋ ਜਿੰਨਾਂ ਨੇ ਆਪਣੀ ਡਿਊਟੀ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਕੀਤੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

**ਡਿਪਟੀ ਕਮਿਸ਼ਨਰ ਨੇ ਰੈਡ ਕਰਾਸ ਦੀ ਸਹਾਇਤਾ ਨਾਲ ਕਰਵਾਇਆ ਬੱਚੇ ਦਾ ਅਪਰੇਸ਼ਨ**

# ਨੇਕੀ ਦੀ ਮਦਦ ਕਰਨਾ ਬੁਰਾਈ ਦਾ ਵਿਰੋਧ ਕਰਨਾ ਕਰਨਾ ਹੀ ਨੇਕੀ—ਪੀ.ਸੀ ਕੁਮਾਰ

**ਫ਼ਿਰੋਜ਼ਪੁਰ, 9 ਜੂਨ (ਮਨੋਹਰ ਲਾਲ)** :— ਨੇਕੀ ਦੀ ਮਦਦ ਕਰਨਾ ਬੁਰਾਈ ਦਾ ਵਿਰੋਧ ਕਰਨਾ ਕਰਨਾ ਹੀ ਨੇਕੀ ਹੈ। ਇਹ ਵਿਚਾਰ ਪੀ.ਸੀ ਕੁਮਾਰ ਸਮਾਜ ਸੇਵੀ ਸੰਸਥਾਵਾਂ ਦੇ ਮੁੱਖ ਕਾਰਜ ਕਰਤਾ ਸੇਵਾ ਮੁਕਤ ਮਾਸ ਮੀਡੀਆ ਅਫਸਰ ਸਿਹਤ ਵਿਭਾਗ ਸਮਾਜ ਸਮਾਜ ਸੁਧਾਰਕ ਨੇ ਸਮਾਜ ਵਿਚ ਫੈਲੀਆਂ ਊਣਤਾਈਆਂ ਨੂੰ ਦੂਰ ਕਰਨ ਦੀ ਗੁਹਾਰ ਲਗਾਈ। ਇਹ ਵਿਚਾਰ ਪਿਛਲੇ ਅਰਸਾ ਦਰਾਜ 50 ਸਾਲਾਂ ਤੋਂ ਸਰਕਾਰੀ ਪ੍ਰਾਈਵੇਟ ਅਦਰੇ ਦਾ ਰਿਹਾ ਆਮ ਸਮਾਜ ਸੁਧਾਰ ਸ਼ਿਕਾਇਤ ਅਨਵਾਰਨ ਮੀਆਂ ਬੀਵੀ ਝਗੜਾ ਨਿਵਾਰਨ ਲੋਕ ਅਦਾਲਤਾਂ ਦੀ ਸੰਭਾਲ ਪਛੜੇ ਵਰਗਾਂ ਗਰੀਬੀ ਰੇਖਾ ਤੋਂ ਧੱਲੇ ਸੈਂਕੜੇ ਪਰਿਵਾਰਾਂ ਦੀ ਲੰਬੇ ਅਰਸੇ ਤੋਂ ਜਿਥੇ ਰਾਸ਼ਨ ਦੀ ਮਦਦ ਉੱਥੇ ਉਨ੍ਹਾਂ ਦੀ ਗਿਆਨੀ ਮਾਲੀ ਬੱਚਿਆਂ ਨੂੰ ਪੈਰਾਂ ਤੇ ਖੜੇ ਕਰਨ ਪੰਚਾਇਤੀ ਸੰਸਥਾ ਦੀ ਮਦਦ ਨਾਲ ਨੇਕੇ ਦੀ ਮਦਦ ਕਰਨਾ ਹੀ ਨੇਕੀ ਹੈ ਦੇ ਸਿਧਾਂਤ ਨੂੰ ਮੁੱਖ ਰੱਖਦੇ ਹੋਏ ਵਿਦਿਆ ਦੇ ਖੇਤਰ ਵਿੱਚ ਹਰ ਤਰ੍ਹਾਂ ਦੀ ਮਦਦ ਨਾਲ ਚੰਗੇ ਘਰ ਸਕੂਲ ਸਮਾਜ ਦੇਸ਼ ਨਾਗਰ ਜੋ ਅੱਜ ਕਾਲ ਪੈ ਗਿਆ ਹੈ ਸਕੂਲਾਂ ਕਾਲਜਾਂ ਤੇ ਹੋਰ ਸਰਕਾਰੀ ਪ੍ਰਾਈਵੇਟ ਦਾਰਿਆਂ ਵਿੱਚ 50 ਸਾਲਾਂ ਵਿੱਚ ਹਜ਼ਾਰਾਂ ਨਹੀਂ ਲੱਖਾਂ ਬਲ ਕੇ ਕਰੋੜਾਂ ਦੀ ਗਿਣਤੀ ਵਿੱਚ ਸੁਬਹਾ ਦੀਆਂ ਸਭਾਵਾਂ ਵਿੱਚ ਬੱਚਿਆਂ ਟੀਚਰਾਂ ਮਾਪਿਆਂ ਆਦਿ ਦੇ ਨਾਲ ਵਿਚਾਰ ਸਾਂਝੇ ਕਰਦੇ ਹੋਏ ਅੱਜ ਬੱਚੇ ਬੱਚਿਆਂ ਜੋ ਹੁਣ ਆਪਣੇ ਪੈਰਾਂ ਤੇ ਖੜੇ ਉਹ ਕੇ ਨੇਕੀ ਦੀ ਮਦਦ ਬੁਰਾਈ ਦੀ ਡਟ ਕੇ ਮੁਖਾਲਫਤ ਕਰ ਇਨ੍ਹਾਂ ਸਰੀਰ ਮਾਨਸਕ ਸਮਾਜਕ ਕੁਰੀਤੀਆਂ ਬਿਮਾਰੀਆਂ ਖਾਸ ਤੌਰ ਤੇ ਨਸ਼ਾ ਗੋਰੀ ਰਿਸ਼ਵਤ ਕੋਰੀ ਮਿਲਾਵਟ ਕੋਰੀ ਧਰਮ ਜਾਤ ਬਾਤ ਤੋਂ ਉਪਰ ਉਠ ਇਕ ਚੰਗੇ ਇਨਸਾਨ ਬਣ ਜਿੱਥੇ ਆਪਣੇ ਮਾਤਾ ਪਿਤਾ ਜਿੱਥੇ ਕੰਮ ਜਾਏ ਘਰੇਲੂ ਔਰ ਸਰਕਾਰੀ ਦਾਇਰੇ ਵਿੱਚ ਇੱਕ ਨਾਨਾ ਇਹ ਨਹੀਂ ਬਲਕਿ ਚੰਗੇ ਗੁਣਾਂ ਦੇ ਧਾਰਨੀ ਨੇਕੀ ਦੀ ਹਾਮੀ ਹਰ ਤਰ੍ਹਾਂ ਦੀ ਬੁਰਾਈ ਦਾ ਵਿਰੋਧ ਨੇਕੀ ਦੀ ਮਦਦ ਕਰ ਹਮ ਤੋਂ ਅਕੇਲੇ ਚਲੇ ਥੇ ਜਾਣ ਕੇ ਮੰਜਲ ਲੋਕ ਸਾਥ ਮਿਲਤੇ ਗਏ ਕਾਰਵਾਂ ਬਣਤਾ ਗਿਆ ਅੱਜ ਦਾਵੇ ਨਾਲ ਕਿਹਾ ਜਾ ਸਕਦਾ ਹੈ ਅੱਜ ਅਜਿਹੇ ਲੋਕ ਕੌਣ ਸਮਾਜ ਸੇਵੀ ਸਤਾਵਾਂ ਜੋ ਭਾਈ ਘਨਈਆ ਦੀ ਤਰਜ ਤੇ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਜੋ ਪਰਮਾਤਮਾ ਦੇ ਜੀਵ ਜ ਪ੍ਰਾਣੀਆਂ ਕੁਦਰਤ ਨਾਲ ਪਿਆਰ ਕਰਦੇ ਹਨ ਰੱਬ ਉਹਨਾਂ ਨੂੰ ਪਿਆਰ ਕਰਦਾ ਕਰਦਾ ਹੈ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨੇ ਕਹਿ ਕਹਾਏ ਮਾਨਸ ਕੀ ਜਾਤ ਸਭੇ ਏਕੋ ਪਚਾਨਬੋ ਜਿਸ ਮੁਹਮ ਨੂੰ ਅੱਗੇ ਤੋਰਦੇ ਹੋਏ ਅੱਜ ਸਭ ਪਾਸੇ ਇਹ ਜੋ ਉਪਰਾਲਾ ਕੀਤਾ ਜਾ ਰਿਹਾ ਹੈ ਇਸ ਦੀ ਪ੍ਰਸ਼ੰਸਾ ਕੀਤੀ ਜਾ ਰਹੀ ਹੈ ਕਿ ਨਾਲ ਹੀ ਇਸ ਮੁਹਿੰਮ ਦੇ ਵਿੱਚ ਨਾ ਕੇਵਲ ਸਰੀਰਕ ਮਾਣਸ ਸਮਾਜਿਕ ਆਰਥਕ ਸਹਿਯੋਗ ਦੇ ਕੇ ਇਸ ਨੇ ਕੰਮ ਨੂੰ ਅੱਗੇ ਤੋਰਿਆ ਜਾ ਰਿਹਾ ਹੈ ਔਰ ਜਦ ਕਦੇ ਵੀ ਕੋਈ ਕੁਦਰਤੀ ਗੈਰ ਕੁਦਰਤੀ ਆਫਤ ਆਏ ਆ ਰਹੇ ਹ ਜਾਂ ਫਿਰ ਸ਼ਾਂਤਮਈ ਢੰਗ ਸਮੇਂ ਵੀ ਇਹ ਲਗਾਤਾਰ ਹਰ ਤਰ੍ਹਾਂ ਦੀ ਸੇਵਾ ਦੇ ਖੇਤਰਾਂ ਜਿਵੇਂ ਕਿ ਗਊਸ਼ਾਲਾ ਕੋਈ ਸਾਲਾ ਸ਼ਮਸ਼ਾਨ ਘਾਟ ਤੇ ਹੋਰ ਸੇਵਾ ਦੇ ਖੇਤਰਾਂ ਖਾਸ ਤੌਰ ਤੇ ਗਰੀਬੀ ਰੇਖਾ ਤੋਂ ਥੱਲੇ ਵਾਲੇ ਪਰਿਵਾਰਾਂ ਦੀ ਜਿੱਥੇ ਮਾਲੀ ਮਦਦ ਉਥੇ ਉਹਨਾਂ ਦੇ ਬੱਚਿਆਂ ਦੀ ਔਰਤਾਂ ਦੀ ਮਦਦ ਕਰਕੇ ਅੱਜ ਜਬ ਹਮ ਜਗ ਮੇ ਆਏ ਥੇ ਜਗਹ ਸੇ ਹਮ ਰੋਏ ਐਸੀ ਕਰਨੀ ਕਰ ਚਲੋ ਹਮ ਹੰਸ ਜਗ ਰੋਏ ਨੂੰ ਮੋ ਕਰਾਦੇ ਹੋਏ ਇਹ ਸੰਸਥਾ ਸਦਾ ਵਰਤ ਪੰਚਾਇਤੀ ਜੋ 1 1914 ਜਦੋਂ ਇਥੇ ਕੁਦਰਤੀ ਆਫਤਾਂ ਕਾਲ ਭੂਚਾਲ ਤੇ ਲੜਾਈਆਂ ਹੋਈਆਂ ਉਸ ਵੇਲੇ ਇਹਨਾਂ ਸਾਡੇ ਲੋੜਵੰਦ ਪਰਿਵਾਰਾਂ ਦੀ ਮਦਦ ਲਈ ਹੋਂਦ ਵਿੱਚ ਆਏ ਕਿ ਅੱਜ ਸੇਵਾ ਦੇ ਹਰ ਖੇਤਰ ਵਿੱਚ ਮਦਦ ਦੇਸ਼ ਦੀ ਏਕਤਾ ਅਖੰਡਤਾ ਭਾਈਚਾਰਾ ਨੂੰ ਬੜਾ ਵਾਦੇ ਲਈ ਹਰ ਲੋੜਵੰਦ ਤੱਕ ਚਾਹੇ ਉਹ ਡਾਕਟਰੀ ਹੋਵੇ ਵਿਦਿਆ ਦੇ ਖੇਤਰ ਵਿੱਚ ਹੋਵੇ ਜਾਂ ਕੋਈ ਉਸ ਨੂੰ ਜਾਨੀ ਮਾਲੀ ਮਦਦ ਦੀ ਲੋੜ ਹੋਵੇ ਉਸ ਵਿੱਚ ਡੋਟ ਸਟੈਪ ਤੇ ਜਾ ਕੇ ਮਦਦ ਕਰਦੇ ਹੋਏ ਅੱਜ ਸਰਕਾਰ ਤੇ ਜਨਤਾ ਵਿੱਚ ਇਕ ਘੜੀ ਦਾ ਕੰਮ ਕਰਦੀ ਹੋਈ ਲੋਕਾਂ ਦੀ ਲੋਕਾਂ ਲਈ ਕਿ ਲੋਕਾਂ ਦੁਆਰਾ ਬਣਾਈ ਇਹ ਸੰਸਥਾਤਾਂ ਹਜ਼ਾਰੂੰ ਮਹਿਫਲੇ ਹਰ ਰੋਜ਼ ਸਹਿਤੀ ਹੈ ਸੈਂਕੜੇ ਰੋ ਹਰ ਮਹਿਫਲ ਮੇ ਬੁਲਾਏ ਜਾਤੇ ਹੈ ਹਮ ਸਮਾਜ ਸੇਵਕੋ ਕਾ ਹੈ ਆਪਨਾ ਹੀ ਦਸਤੂਰ ਹਮ ਬਿਨ ਬੁਲਾਏ ਚਲੇ ਆਤੇ ਹੈ ਜਹਾਂ ਦੇਖਤੇ ਹੈ ਰੋਸ਼ਨੀ ਕੀ ਕਮੀ ਵਹਾਂ ਦੀਪ ਦੀਪ ਜੇ ਲਾਏ ਜਾਤੇ ਹੈ ਇਸ ਧੂਲ ਤੇ ਚਲਦੀ ਹੋਈ ਦਿਨ ਰਾਤ ਆਪਣੇ ਸਾਥੀਆਂ ਦੇ ਨਾਲ ਹਸਪਤਾਲਾਂ ਤੇ ਹੋਰ ਮਦਦ ਦੇ ਖੇਤਰਾਂ ਵਿੱਚ ਰੋਜ਼ਾਨਾ ਸੁਬਹਾ ਸ਼ਾਮ ਸੇਵਾ ਕਰਦੀ ਹੋਈ ਅੱਜ ਹਰ ਗਲੀ ਮਹੱਲੇ ਇਲਾਕੇ ਵਿੱਚ ਸਰਕਾਰੀ ਲੈ ਰਹੇ ਆਪਣੀ ਪਹਿਚਾਣ ਬਣਾ ਕੇ ਮਾਨਤਾ ਦੀ ਸੇਵਾ ਵਿੱਚ ਇੱਕ ਅਹਿਮ ਰੋਲ ਅਦਾ ਕਰ ਰਹੀ ਹੈ ਹੈ ਆਖਰ ਉਹਨਾਂ ਸਾਰੇ ਸੱਜਣਾਂ ਦਾ ਸਰਕਾਰੀ ਅਰਸਕਾਰੀ ਪ੍ਰਾਈਵੇਟ ਦਾ ਰਿਹਾ ਦਾ ਜਿਨਾਂ ਦੇ ਸਹਿਯੋਗ ਸਦਕਾ ਇਹ ਸੰਸਥਾ ਇਹ ਪਰਮਾਰਥ ਦੇ ਕੰਮ ਕਰ ਰਹੀ ਹੈ ਬਹੁਤ ਬਹੁਤ ਧੰਨਵਾਦ ਬਹੁਤ ਬਹੁਤ ਬਹੁਤ ਧੰਨਵਾਦ।



ਆਵਾਜ਼ਿ ਕੌਮ AWAZE QAUM International Newspaper & WEB TV

# ਸਾਬਕਾ ਸੈਨਿਕਾਂ ਦੇ ਮੁੱਖ ਸੰਗਠਨਾਂ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਅਤਿ ਸ਼ਲਾਘਾਯੋਗ

## ਸਭ ਤੋਂ ਵਧੀਆ ਕਾਰਗੁਜਾਰੀ ਵਾਲੇ ਸੰਗਠਨ ਨੂੰ ਕੀਤਾ ਜਾਵੇਗਾ ਸਨਮਾਨਿਤ—ਕੈਪਟਨ ਸੁਭਾਸ਼ ਸ਼ਰਮਾ



ਫ਼ਿਰੋਜ਼ਪੁਰ, 9 ਜੂਨ (ਮਨੋਹਰ ਲਾਲ) :— ਕੈਪਟਨ ਸੁਭਾਸ਼ ਚੰਦਰ ਸ਼ਰਮਾ ਬਿਉਰੋ ਚੀਫ ਜ਼ਿਲ੍ਹਾ ਮੋਗਾ ਦੀ ਹਦੂਦ ਅੰਦਰ ਕਈ ਸਾਬਕਾ ਸੈਨਿਕ ਵੈਲਫੇਅਰ ਸੰਗਠਨ ਹਨ। ਪਿਛਲੇ ਸਾਲ ਉਕਤ ਸੰਗਠਨਾਂ ਨੂੰ ਇਕਜੁੱਟ ਕਰਕੇ ਸਾਬਕਾ ਸੈਨਿਕ ਸੰਯੁਕਤ ਕਮੇਟੀ ਦਾ ਗਠਨ ਹੋਇਆ। ਸੰਗਠਨ ਦੇ ਸੰਵਿਧਾਨ ਮੁਤਾਬਿਕ ਸੰਗਠਨਾਂ ਮੁੱਖੀਆਂ ਨੇ ਕੈਪਟਨ ਸੁਭਾਸ਼ ਚੰਦਰ ਸ਼ਰਮਾ ਨੂੰ ਚੇਅਰਮੈਨ ਮਨੋਨੀਤ ਕੀਤਾ, ਜਦੋਂ ਕਿ ਸਰਬਸੰਮਤੀ ਨਾਲ ਚਾਰੇ ਤਹਿਸੀਲਾਂ ਦੇ ਮੁੱਖੀਆਂ ਦੀ ਨਿਯੁਕਤੀ ਕੀਤੀ ਗਈ। ਇਸ ਮੌਕੇ ਸੈਨਿਕ ਸੰਘਰਸ਼ ਕਮੇਟੀ ਰਜਿ: ਦੇ ਸੂਬੇਦਾਰ ਜਗਜੀਤ ਸਿੰਘ ਮੋਗਾ, ਵੈਟਰਨ ਵੈਲਫੇਅਰ ਆਰਗੇਨਾਈਜ਼ੇਸ਼ਨ ਇੰਡੀਆ ਰਜਿ: ਦੇ ਕੈਪਟਨ ਬਿੱਕਰ ਸਿੰਘ ਧਰਮਕੋਟ, ਐਕਸ ਸਰਵਿਸਮੈਨ ਵੈਲਫੇਅਰ ਯੂਨੀਅਨ ਰਜਿ: ਬਾਘਾਪੁਰਾਣਾ ਦੇ ਸੂਬੇਦਾਰ ਮੇਜਰ ਹਰਦੀਪ ਸਿੰਘ ਗਿੱਲ ਬਾਘਾਪੁਰਾਣਾ ਤੇ ਸਾਬਕਾ ਸੈਨਿਕ ਵੈਲਫੇਅਰ ਸੁਸਾਇਟੀ ਮਾਣੂੰਕੇ ਗਿੱਲ ਦੇ ਕੈਪਟਨ ਸੁਰਜੀਤ ਸਿੰਘ ਨਿਹਾਲ ਵਾਲਾ। ਇਸ ਤਰ੍ਹਾਂ ਜ਼ਿਲ੍ਹੇ ਵਿੱਚ ਪਿੰਡਾਂ ਤੇ ਤਹਿਸੀਲ ਪੱਧਰ ਤੇ ਸਾਬਕਾ ਸੈਨਿਕ ਸੰਗਠਨ ਸਮਾਜ ਭਲਾਈ, ਧਾਰਮਿਕ, ਸਮਾਜਿਕ ਕਾਰਜਾਂ, ਜਰੂਰਤਮੰਦ ਪਰਿਵਾਰਾਂ ਨੂੰ ਸਹਿਯੋਗ, ਵਾਤਾਵਰਣ ਸੁਰੱਖਿਆ ਤੇ ਨਵੀਂ ਪੀੜ੍ਹੀ ਦਾ ਵੀ ਮਾਰਗ ਦਰਸ਼ਕ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਸਾਬਕਾ ਸੈਨਿਕਾਂ ਦੀ ਨਿਸ਼ਵਾਰਥ ਵਧੀਆ ਕਾਰਗੁਜਾਰੀ ਸਦਕਾ ਸਮਾਜ ਵਿੱਚ ਨਾਮਾ ਖੱਟ ਰਹੇ ਹਨ, ਆਮ ਜਨਤਾ ਵਿੱਚ ਸਾਬਕਾ ਸੈਨਿਕਾਂ ਪ੍ਰਤੀ ਪਿਆਰ ਸਤਿਕਾਰ ਦਿਨੋਂ—ਦਿਨ ਵੱਧ ਰਿਹਾ ਹੈ, ਕਿਉਂਕਿ ਸਾਬਕਾ ਸੈਨਿਕ ਲੋਕ ਭਲਾਈ ਕਾਰਜਾਂ ਲਈ ਹਮੇਸ਼ਾ ਮੋਹਰੀ ਹਨ। ਜ਼ਿਲ੍ਹੇ ਦੇ ਸਾਰੇ ਸਾਬਕਾ ਸੈਨਿਕ ਸੰਗਠਨਾਂ ਦੇ ਮੁਕਾਬਲੇ ਵਿੱਚ ਸਭ ਤੋਂ ਵਧੀਆ ਕਾਰਗੁਜਾਰੀ ਵਾਲੇ ਸਾਬਕਾ ਸੈਨਿਕ ਸੰਗਠਨ ਨੂੰ ਵਿਸ਼ੇਸ ਸਮਰੋਹ ਦੋਰਾਨ ਸਰਵਸ੍ਰੇਸ਼ਠ ਸੰਗਠਨ ਅਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ। ਸੰਗਠਨ ਦੇ ਚੇਅਰਮੈਨ ਦਾ ਕਹਿਣਾ ਹੈ ਕਿ ਸਾਬਕਾ ਸੈਨਿਕ ਸਿਵਿਲ ਡਿਫੈਂਸ, ਕੁਦਰਤੀ ਆਪਦਾ, ਸੁਰੱਖਿਆ ਪ੍ਰਬੰਧਾਂ, ਅੱਗ ਬੁਝਾਉਣ ਕਾਰਜਾਂ ਅੱਗ ਲਗਣ ਤੋਂ ਥਚਾਵ ਜਾਗਰੂਕਤਾ ਆਦਿ ਲਈ ਸਮਰੱਥ ਹਨ। ਨੌਜਵਾਨ ਵਰਗ ਨੂੰ ਸੈਨਾ, ਪੁਲਿਸ, ਪੈਰਾ ਮਿਲਟਰੀ ਫੋਰਸ ਆਦਿ ਵਿੱਚ ਭਰਤੀ ਲਈ ਤੇ ਖੇਡਾਂ ਵੱਲ ਉਤਸ਼ਾਹਿਤ ਕਰਨ ਵਿੱਚ ਵਿਸ਼ੇਸ਼ ਯੋਗਦਾਨ ਦੇ ਰਹੇ ਹਨ। ਉਨ੍ਹਾਂ ਪ੍ਰਸ਼ਾਸਨ ਨੂੰ ਬੇਨਤੀ ਕਰਦੀਆਂ ਕਿਹਾ ਕਿ ਸਾਬਕਾ ਸੈਨਿਕਾਂ, ਵੀਰ ਨਾਰੀਆਂ ਤੇ ਉਨ੍ਹਾਂ ਦੇ ਆਸ਼ਿਰਤਾਂ ਨੂੰ ਸਰਕਾਰੀ ਆਦਰਿਆਂ ਵਿੱਚ ਬਣਦਾ ਮਾਣ ਸਤਿਕਾਰ ਮਿਲਣਾ ਯਕੀਨੀ ਬਣਾਇਆ ਜਾਵੇ। ਸਾਬਕਾ ਸੈਨਿਕਾਂ ਦੇ ਮੁੱਖੀਆਂ ਨੂੰ ਪ੍ਰਸ਼ਾਸਨ ਦੀ ਤਿਮਾਹੀ ਮੀਟਿੰਗ ਵਿੱਚ ਸ਼ਾਮਿਲ ਕੀਤਾ ਜਾਵੇ ਤਾਂ ਕਿ ਡਿਫੈਂਸ ਪੈਨਸ਼ਨਰਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦਾ ਹੱਲ ਹੋ ਸਕੇ।

ਆਵਾਜ਼ਿ ਕੌਮ AWAZE QAUM International Newspaper & WEB TV

## ਲੁਧਿਆਨਾ ਵਿਖ਼ੇ 14 ਜੂਨ ਦੀ ਰੈਲੀ ਦੀਆਂ ਤਿਆਰੀਆਂ ਮੁਕੰਮਲ—ਮੋਹਿੰਦਰ ਸਿੰਘ ਧਾਲੀਵਾਲ



ਫ਼ਿਰੋਜ਼ਪੁਰ, 9 ਜੂਨ (ਮਨੋਹਰ ਲਾਲ) :— ਪੰਜ਼ਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝੇ ਫਰੰਟ ਦੇ ਸੱਦੇ ਤੇ 14 ਜੂਨ 2025 ਨੂੰ ਪੰਜ਼ਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਬਣਦੇ ਬਕਾਏ ਆਦਿ ਮੰਗਾਂ ਦੀ ਪੂਰਤੀ ਲਈ ਕੀਤੀ ਜਾਣ ਵਾਲੀ ਰੈਲੀਆਂ ਦੀਆਂ ਤਿਆਰੀਆਂ ਮੁਕੰਮਲ। ਇਹ ਵਿਚਾਰ ਸਾਂਝੇ ਕਰਦਿਆਂ ਮੋਹਿੰਦਰ ਸਿੰਘ ਧਾਲੀਵਾਲ ਵਿੱਤ ਸਕੱਤਰ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਫ਼ਿਰੋਜ਼ਪੁਰ ਨੇ ਦੱਸਿਆ ਕਿ ਪੈਨਸ਼ਨਰਾਂ ਦੇ ਬਣਦੇ ਬਕਾਏ ਇੱਕ ਕਿਸ਼ਤ ਵਿਚ ਦੇਣ, ਰਹਿੰਦੀਆਂ ਡੀ.ਏ ਦੀਆਂ ਕਿਸ਼ਤਾਂ ਨਗਦ ਦੇਣ, ਦਿਹਾੜੀਦਾਰ, ਆਂਗਣਵਾੜੀ ਵਰਕਰਾਂ, ਆਸ਼ਾ ਵਰਕਰਾਂ, ਮਿਡ—ਡੇ—ਮੀਲ, ਕੰਟੈਕਟ ਮੁਲਾਜ਼ਮਾਂ ਨੂੰ ਬਿਨ੍ਹਾਂ ਦੇਰੀ ਪੱਕਾ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਸਬੰਧੀ ਪੰਜ਼ਾਬ ਸਰਕਾਰ ਦੀ ਤਾਲ ਮਟੋਲ ਦੀ ਨੀਤੀ ਵਿਰੁੱਧ ਮਿਤੀ 14 ਜੂਨ ਨੂੰ ਲੁਧਿਆਨਾ ਵਿਖ਼ੇ ਹੋਣ ਵਾਲੀ ਰੈਲੀ ਅਤੇ ਮਾਰਚ ਦੀ ਤਿਆਰੀ ਲਈ ਅੱਜ ਫਿਰੋਜਪੁਰ ਸਾਂਝੇ ਫਰੰਟ ਦੇ ਅਹੁਦੇਦਾਰ ਅਤੇ ਸਰਗਰਮ ਮੈਂਬਰਾਂ ਵੱਲੋਂ ਪੰਜਾਬ ਪੁਲਿਸ ਪੈਨਸ਼ਨਰ ਐਸੋਸੀਏਸ਼ਨ ਦਫ਼ਤਰ ਫ਼ਿਰੋਜ਼ਪੁਰ ਵਿਖੇ ਜਿਲ੍ਹਾ ਕਨਵੀਨਰ ਸ਼੍ਰੀ ਸ਼ਬੇਗ ਸਿੰਘ, ਕੋ ਕਨਵੀਨਰ ਜਸਪਾਲ ਸਿੰਘ ਰਿਟਾਇਰਡ ਡੀ.ਐਸ.ਪੀ ਦੀ ਅਗਵਾਈ ਹੇਠ ਹੋਈ। ਮੀਟਿੰਗ ਦੌਰਾਨ ਵੱਖ—ਵੱਖ ਵਿਭਾਗਾਂ ਦੀਆਂ ਜਥੇਬੰਦੀਆਂ ਦੇ ਨੁਮਾਇੰਦਿਆਂ ਵਲੋਂ ਸਮੂਲੀਅਤ ਕਰਕੇ ਅਪਣੇ ਵਿਚਾਰ ਸਾਂਝੇ ਕੀਤੇ ਅਤੇ ਵਿਸ਼ਵਾਸ਼ ਦਵਾਇਆ ਕਿ ਮੰਗਾ ਦੀ ਪ੍ਰਾਪਤੀ ਲਈ ਲੁਧਿਆਨਾ ਦੀ ਰੈਲੀ ਅਤੇ ਮਾਰਚ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਜਾਵੇਗਾ। ਇਸ ਮੌਕੇ ਜਸਪਾਲ ਸਿੰਘ ਰਿਟਾਇਰਡ ਡੀ.ਐਸ.ਪੀ, ਸ਼ਬੇਗ ਸਿੰਘ ਕਨਵੀਨਰ, ਗੁਰਪ੍ਰਤਾਪ ਸਿੰਘ ਪ੍ਰਧਾਨ ਪੈਨਸ਼ਨਰ ਐਸੋਸੀਏਸ਼ਨ, ਜਗਦੀਪ ਸਿੰਘ ਮਾਂਗਟ ਜ਼ਿਲ੍ਹਾ ਜਨਰਲ ਸਕੱਤਰ ਪ.ਸ.ਸ.ਫ, ਮੁਹਿੰਦਰ ਸਿੰਘ ਧਾਲੀਵਾਲ ਵਿੱਤ ਸਕੱਤਰ, ਗੁਰਤੇਜ ਸਿੰਘ ਬਰਾੜ ਜਨਰਲ ਸਕੱਤਰ ਪੰਜਾਬ ਰੋਡਵੇਜ਼ ਪੈਨਸ਼ਨਰ ਐਸੋਸੀਏਸ਼ਨ, ਪਵਨ ਕੁਮਾਰ, ਜਗਤਾਰ ਸਿੰਘ, ਅਜੀਤ ਸਿੰਘ ਸੋਢੀ, ਰਾਮ ਪ੍ਰਕਾਸ਼ ਰਿਟਾਇਰਡ ਐਸ.ਪੀ, ਪ੍ਰਤਾਪ ਸਿੰਘ ਸੀਨੀਅਰ ਮੀਤ ਪ੍ਰਧਾਨ ਪੁਲਿਸ ਪੈਨਸ਼ਨਰ, ਕਸ਼ਮੀਰ ਸਿੰਘ ਜੇਲ੍ਹ ਵਿਭਾਗ ਪੈਨਸ਼ਨਰ ਐਸੋਸੀਏਸ਼ਨ, ਤਾਰਾ ਸਿੰਘ, ਮੁਖਤਿਆਰ ਸਿੰਘ ਰਿਟਾਇਰਡ ਇਨਪੈਕਟਰ, ਹਰਬੰਸ ਸਿੰਘ, ਬਲਵੰਤ ਸਿੰਘ, ਨਰੇਸ਼ ਸੈਣੀ ਆਦਿ ਨੇ ਸੰਬੋਧਨ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

## ਮਲਕੀਤ ਸਿੰਘ ਰੱਖੜੀ ਬਣੇ ਡੀਪੂ ਹੋਲਡਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ

ਫ਼ਿਰੋਜ਼ਪੁਰ, 9 ਜੂਨ (ਮਨੋਹਰ ਲਾਲ) :— ਅੱਜ ਡੀਪੂ ਹੋਲਡਰ ਯੂਨੀਅਨ ਫਿਰੋਜਪੁਰ ਦੀ ਅਹਿਮ ਮੀਟਿੰਗ ਭਾਈ ਮਰਦਾਨਾ ਯਾਦਗਾਰੀ ਭਵਨ ਵਿਖੇ ਹੋਈ ਜਿਸ ਵਿੱਚ ਡੀਪੂ ਹੋਲਡਰ ਐਸੋਸੀਏਸ਼ਨ ਪੰਜਾਬ (ਛਿੰਦਾ ਗਰੁੱਪ) ਦੇ ਪ੍ਰਧਾਨ ਰਾਮਪਾਲ ਮਹਾਜਨ, ਮਨਮੋਹਨ ਅਰੋੜਾ ਚੇਅਰਮੈਨ ਪੰਜਾਬ, ਰਵੀ ਜਲਾਲਾਬਾਦ ਸਕੱਤਰ ਪੰਜਾਬ, ਸੰਜੀਵ ਲਾਡੀ ਜ਼ਿਲ੍ਹਾ ਪ੍ਰਧਾਨ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਗੁਰਪ੍ਰੀਤ ਮੱਖੂ ਉਚੇਚੇ ਤੌਰ ਤੇ ਪਹੁੰਚੇ ਜਿਸ ਵਿੱਚ ਡੀਪੂ ਹੋਲਡਰ ਠਾਠਾਂ ਮਾਰਦੇ ਇਕੱਠ ਨੂੰ ਸੰਬੋਧਨ ਸੰਬੋਧਨ ਕਰਦਿਆਂ ਪੰਜਾਬ ਪ੍ਰਧਾਨ ਨੇ ਕਿਹਾ ਕਿ ਡੀਪੂ ਹੋਲਡਰਾਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਜਲਦ ਹੀ ਨਿਪਟਾਰਾ ਕੀਤਾ ਜਾਏਗਾ ਅਤੇ ਡੀਪੂ ਹੋਲਡਰ ਦੇ ਠਾਠਾਂ ਮਾਰਦੇ ਇਕੱਠ ਨੇ ਸਰਬ ਸੰਮਤੀ ਨਾਲ ਮਲਕੀਤ ਸਿੰਘ ਰੱਖੜੀ ਨੂੰ ਜ਼ਿਲ੍ਹਾ ਪ੍ਰਧਾਨ ਲਗਾਉਣ ਦੀ ਮੰਗ ਰੱਖੀ ਜਿਸ ਨੂੰ ਪੰਜਾਬ ਪ੍ਰਧਾਨ ਨੇ ਮੌਕੇ ਤੇ ਮੰਨ ਕੇ ਮਲਕੀਤ ਸਿੰਘ ਨੂੰ ਸਿਰੋਪਾ ਅਤੇ ਹਾਰ ਪਾ ਕੇ ਸਨਮਾਨਿਤ ਕਰਕੇ ਜ਼ਿਲ੍ਹਾ ਪ੍ਰਧਾਨ ਬਣਾਇਆ ਜਦੋਂ ਕਿ ਪ੍ਰੀਤੀ ਪਤਨੀ ਸੋਨੂੰ ਸ਼ਾਂਤੀ ਨਗਰ ਨੂੰ ਜਿਲਾ ਖਜਾਨਚੀ, ਕਵਰਜੀਤ ਸਿੰਘ ਜੈਂਟੀ ਜ਼ਿਲ੍ਹਾ ਪ੍ਰੈਸ ਸਕੱਤਰ ਫਿਰੋਜਪੁਰ, ਅਸ਼ਵਨੀ ਮੱਕੜ ਖਾਈ ਸਰਕਲ ਪ੍ਰਧਾਨ, ਜਗਦੀਪ ਸਿੰਘ ਸ਼ੇਰ ਖਾਂ ਤਲਵੰਡੀ ਬਲਾਕ ਪ੍ਰਧਾਨ ਜਸਵੀਰ ਸਿੰਘ ਤਲਵੰਡੀ ਬਲਾਕ ਖਜਾਨਚੀ, ਮਮਦੋਟ ਬਲਾਕ ਪ੍ਰਧਾਨ ਕੇਵਲ ਕ੍ਰਿਸ਼ਨ, ਫਿਰੋਜ਼ਪੁਰ ਛਾਉਣੀ ਪ੍ਰਧਾਨ ਰਾਮਜੀ ਲਾਲ, ਆਰਿਫ ਕੇ ਸਰਕਲ ਪ੍ਰਧਾਨ ਰਮਨ, ਮਹਿੰਦਰ ਸਿੰਘ ਕਮਾਲਾ ਮਿੱਡੂ ਨੂੰ ਆਰਫ ਕੇ ਸਰਕਲ ਖਜਾਨਚੀ, ਗੁਰਨਾਮ ਸਿੰਘ ਸੋਡੇ ਵਾਲਾ, ਰਿੰਕੂ ਗਰੋਵਰ, ਬੱਬੂ ਨਾਗਪਾਲ, ਬਾਬਾ ਬਖਸ਼ੀਸ਼ ਸਿੰਘ, ਜਗਦੀਪ ਮਿੰਟੂ, ਗੁਰਮੀਤ ਸਿੰਘ, ਮਨੀ ਸੇਠੀ, ਸਿੰਟੂ ਨਰੂਲਾ, ਰਿੰਕੂ ਮਹਿਤਾ, ਤਰਸੇਮ, ਮੇਜਰ ਸਿੰਘ ਮਹਾਲਮ, ਮੇਜਰ ਵਸਤੀ ਰਾਮ ਲਾਲ, ਲੱਖਾ ਮਮਦੋਟ, ਬਲਵਿੰਦਰ ਆਰਿਫ ਕੇ ਆਦਿ ਮੀਟਿੰਗ ਵਿੱਚ ਹਾਜ਼ਰ ਹੋਏ। ਇਸ ਮੌਕੇ ਲੰਗਰ ਦਾ ਖਾਸ ਪ੍ਰਬੰਧ ਸੀ ਮਲਕੀਤ ਸਿੰਘ ਰੱਖੜੀ ਅਤੇ ਉਸਦੀ ਸਾਰੀ ਟੀਮ ਨੇ ਵਿਸ਼ਵਾਸ ਦਵਾਇਆ ਕਿ ਉਹ ਡੀਪੂ ਹੋਲਡਰਾਂ ਦੇ ਕੰਮਾਂ ਨੂੰ ਸਮਰਪਿਤ ਰਹਿਣਗੇ ਅਤੇ ਪੰਜਾਬ ਦੀ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕੀਤਾ।

ਸੰਤ ਬਾਬਾ ਸੱਜਣ ਸਿੰਘ ਜੀ ਗੁਰੂ ਕੀ ਬੇਰ ਸਾਹਿਬ ਵਾਲਿਆਂ ਨਾਲ ਇੰਗਲੈਂਡ ਦੀ ਫੇਰੀ ਦੌਰਾਨ

# ਇੰਟਰਨੈਸ਼ਨਲ ਪੰਥਕ ਦੱਲ ਦੇ ਮੁੱਖ ਬੁਲਾਰੇ ਤੇ ਜਰਨਲ ਸਕੱਤਰ ਭਾਈ ਕਪਤਾਨ ਸਿੰਘ ਨਾਲ ਵਿਸ਼ੇਸ਼ ਮੁਲਾਕਾਤ ਕੀਤੀ







ਆਵਾਜ਼ਿ ਕੌਮ AWAZE QAUM International Newspaper & WEB TV







ਸੰਤ ਬਾਬਾ ਸੱਜਣ ਸਿੰਘ ਜੀ ਗੁਰੂ ਕੀ ਬੇਰ ਸਾਹਿਬ ਵਾਲਿਆਂ ਨਾਲ ਇੰਗਲੈਂਡ ਦੀ ਫੇਰੀ ਦੌਰਾਨ ਇੰਟਰਨੈਸ਼ਨਲ ਪੰਥਕ ਦੱਲ ਦੇ ਮੁੱਖ ਬੁਲਾਰੇ ਤੇ ਜਰਨਲ ਸਕੱਤਰ ਭਾਈ ਕਪਤਾਨ ਸਿੰਘ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਬਾਬਾ ਜੀ ਨਾਲ ਪੰਥ ਵਿੱਚ ਚੱਲ ਰਹੇ ਧਾਰਮਿਕ ਮਸਲਿਆਂ ਤੇ ਵਿਚਾਰਾਂ ਚਰਚਾ ਕੀਤੇ ਤੇ ਬਾਬਾ ਜੀ ਵੱਲੋਂ ਚਲਾਏ ਜਾ ਰਹੇ ਸਕੂਲ ਤੇ ਹੋਰ ਸੇਵਾਵਾਂ ਦੱਸਿਆ ਨਾਲ ਸਿੰਘ ਹਾਜ਼ਰ ਸਨ ਸੁਖਚੈਨ ਸਿੰਘ, ਪਰਗਣ ਸਿੰਘ, ਸਰੂਪ ਸਿੰਘ, ਖਾਲਸਾ ਸਿੰਘ, ਜੋਧਬੀਰ ਸਿੰਘ, ਬਲਵਿੰਦਰ ਸਿੰਘ, ਜਸ਼ਨਜੀਤ ਸਿੰਘ, ਭਾਈ ਦਿਆਲ ਸਿੰਘ ਯੂ.ਐਸ.ਏ., ਅਮਨਦੀਪ ਸਿੰਘ। ਭਾਈ ਕਪਤਾਨ ਸਿੰਘ ਨੇ ਬਾਬਾ ਜੀ ਦਾ ਯੂ ਕੇ ਪਹੁੰਚਣ ਤੇ ਧੰਨਵਾਦ ਕੀਤਾ ਤੇ ਬਾਬਾ ਜੀ ਵੱਲੋਂ ਕੀਤੀਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

# ਯੂ.ਕੇ. ਵਿੱਚ ਪ੍ਰਸਿੱਧ ਕੀਰਤਨੀਏ ਭਾਈ ਇੰਦਰਜੀਤ ਸਿੰਘ ਸਦੀਵੀ ਵਿਛੋੜਾ ਦੇ ਗਏ

## ਵੱਖ-ਵੱਖ ਆਗੂਆਂ ਵੱਲੋਂ ਦੁੱਖ ਦਾ ਪ੍ਰਗਟਾਵਾ



**ਲੰਡਨ, 9 ਜੂਨ (ਸਰਬਜੀਤ ਸਿੰਘ ਬਨੂੜ)**—ਸਿੱਖ ਪੰਥ ਦੇ ਪ੍ਰਸਿੱਧ ਕੀਰਤਨੀਏ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਲੰਬਾ ਸਮਾਂ ਕੀਰਤਨ ਦੀ ਸੇਵਾ ਨਿਭਾਉਣ ਵਾਲੇ ਭਾਈ ਇੰਦਰਜੀਤ ਸਿੰਘ ਦਾ ਯੂ ਕੇ ਦੀ ਧਰਤੀ ਉੱਤੇ ਸਦੀਵੀ ਵਿਛੋੜਾ ਦੇ ਗਏ ਹਨ। ਭਾਈ ਸਾਹਿਬ ਜੀ ਦੀ ਰੂਹਾਨੀ ਕੀਰਤਨ ਸੇਵਾ ਸਿਰਫ਼ ਦਰਬਾਰ ਸਾਹਿਬ ਦੀ ਹਦ ਤੱਕ ਸੀਮਤ ਨਹੀਂ ਰਹੀ, ਬਲਕਿ ਉਨ੍ਹਾਂ ਨੇ ਬਾਣੀ ਨੂੰ ਰਾਗੀ ਰਵਾਇਤ ਨਾਲ ਵਿਦੇਸ਼ੀ ਧਰਤੀ 'ਤੇ ਵੀ ਸੰਗਤਾਂ ਦੇ ਹਿਰਦੇ ਜਿੱਤੇ। ਉਨ੍ਹਾਂ ਦੀ ਅਚਾਨਕ ਵਿਛੋੜੇ ਦੀ ਖ਼ਬਰ ਨੇ ਸਿੱਖ ਜਗਤ ਵਿੱਚ ਗਹਿਰਾ ਸੋਗ ਹੈ। ਇਸ ਦੁੱਖਦਾਈ ਮੌਕੇ 'ਤੇ ਸਿੱਖ ਚਿੰਤਕ ਅਤੇ ਪੰਥਕ ਬੁਲਾਰੇ ਸ. ਭਗਵਾਨ ਸਿੰਘ ਜੌਹਲ ਨੇ ਅਫ਼ਸੋਸ ਜਤਾਉਂਦੇ ਹੋਏ ਕਿਹਾ ਕਿ, "ਭਾਈ ਇੰਦਰਜੀਤ ਸਿੰਘ ਸਿਰਫ਼ ਇਕ ਰਾਗੀ ਨਹੀਂ, ਬਲਕਿ ਇੱਕ ਅਨੁਭਵੀ ਅਵਾਜ਼ ਸਨ ਜੋ ਸਿੱਖ ਪੰਥ ਦੀ ਰੂਹਾਨੀ ਵਿਰਾਸਤ ਨੂੰ ਪੇਸ਼ ਕਰਦੇ ਰਹੇ।" ਇਸੇ ਤਰ੍ਹਾਂ, ਸ. ਧੰਨਵੰਤ ਸਿੰਘ ਬਹਾੜਾ, ਸ. ਜਗਜੀਤ ਸਿੰਘ, ਸ. ਸੁਖਵਿੰਦਰ ਸਿੰਘ ਮਨੇਸਰ, ਬਲਵਿੰਦਰ ਸਿੰਘ ਪੱਟੀ, ਜੋਗਿੰਦਰ ਸਿੰਘ ਬੱਲ ਸਿੱਖ ਸ਼ਖ਼ਸੀਅਤਾਂ ਨੇ ਵੀ ਇੰਗਲੈਂਡ ਰਹਿੰਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਉਨ੍ਹਾਂ ਦਾ ਸੰਸਕਾਰ ਕੈਲੇਫੋਰਨੀਆ ਵਿੱਚ ਕੀਤਾ ਜਾਵੇਗਾ।

# ਮੁੰਬਈ 'ਚ ਵੱਡਾ ਹਾਦਸਾ ! ਲੋਕਲ ਟ੍ਰੇਨ 'ਚ ਭਾਰੀ ਭੀੜ ਹੋਣ ਕਾਰਨ 5 ਲੋਕਾਂ ਦੀ ਡਿੱਗਣ ਕਾਰਨ ਹੋਈ ਮੌਤ

**ਮੁੰਬਈ, 9 ਜੂਨ (ਆਵਾਜ਼ਿ ਕੌਮ ਬਿਊਰੋ)**-ਮਹਾਰਾਸ਼ਟਰ ਦੀ ਰਾਜਧਾਨੀ ਮੁੰਬਈ ਵਿੱਚ ਇੱਕ ਵੱਡਾ ਰੇਲ ਹਾਦਸਾ ਵਾਪਰਿਆ ਹੈ। ਰੇਲਵੇ ਅਧਿਕਾਰੀਆਂ ਨੇ ਸੋਮਵਾਰ ਨੂੰ ਦੱਸਿਆ ਕਿ ਇੱਕ ਲੋਕਲ ਟ੍ਰੇਨ ਤੋਂ ਡਿੱਗਣ ਨਾਲ 5 ਲੋਕਾਂ ਦੀ ਮੌਤ ਹੋ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਲੋਕਲ ਟ੍ਰੇਨ ਆਪਣੀ ਸਮਰੱਥਾ ਤੋਂ ਵੱਧ ਯਾਤਰੀਆਂ ਨੂੰ ਲੈ ਕੇ ਜਾ ਰਹੀ ਸੀ। ਇਹ ਘਟਨਾ ਮੁੰਬਰਾ ਅਤੇ ਦੀਵਾ ਰੇਲਵੇ ਸਟੇਸ਼ਨਾਂ ਵਿਚਕਾਰ ਵਾਪਰੀ। ਹਾਦਸੇ ਦੇ ਸਮੇਂ ਪੁਸ਼ਪਕ ਐਕਸਪ੍ਰੈਸ ਅਤੇ ਕਸਾਰਾ ਲੋਕਲ ਇੱਕ ਦੂਜੇ ਨੂੰ ਪਾਰ ਕਰ ਰਹੇ ਸਨ। ਜਾਣਕਾਰੀ ਅਨੁਸਾਰ ਹਾਦਸੇ ਵਿੱਚ 8 ਲੋਕ ਰੇਲਗੱਡੀ ਤੋਂ ਡਿੱਗ ਪਏ, ਜਿਨ੍ਹਾਂ ਵਿੱਚੋਂ 5 ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਬਾਕੀ ਗੰਭੀਰ ਜ਼ਖਮੀ ਹਨ। ਹਾਦਸੇ ਤੋਂ ਬਾਅਦ ਜ਼ਖਮੀਆਂ ਨੂੰ ਨੇੜਲੇ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ ਹੈ। ਮੱਧ ਰੇਲਵੇ ਦਾ ਕਹਿਣਾ ਹੈ ਕਿ ਕੁਝ ਯਾਤਰੀ ਸੀਐਸਐਮਟੀ ਵੱਲ ਯਾਤਰਾ ਕਰ ਰਹੇ ਸਨ ਜਦੋਂ ਉਹ ਠਾਣੇ ਦੇ ਮੁੰਬਰਾ ਰੇਲਵੇ ਸਟੇਸ਼ਨ 'ਤੇ ਰੇਲਗੱਡੀ ਤੋਂ ਡਿੱਗ ਪਏ। ਯਾਤਰੀਆਂ ਦੇ ਡਿੱਗਣ ਦਾ ਕਾਰਨ ਜ਼ਿਆਦਾ ਭੀੜ ਦੱਸਿਆ ਜਾ ਰਿਹਾ ਹੈ। ਇਸ ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਰੇਲਵੇ ਪ੍ਰਸ਼ਾਸਨ ਅਤੇ ਪੁਲਿਸ ਮੌਕੇ 'ਤੇ ਪਹੁੰਚ ਗਈ। ਜ਼ਖਮੀਆਂ ਨੂੰ ਤੁਰੰਤ ਨੇੜਲੇ ਹਸਪਤਾਲ ਲਿਜਾਇਆ ਗਿਆ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਘਟਨਾ ਕਾਰਨ ਸਥਾਨਕ ਸੇਵਾਵਾਂ ਪ੍ਰਭਾਵਿਤ ਹੋਈਆਂ ਹਨ। ਟ੍ਰੇਨ ਵਿੱਚ ਬਹੁਤ ਭੀੜ ਸੀ, ਜਿਸ ਕਾਰਨ ਇਹ ਯਾਤਰੀ ਟ੍ਰੇਨ ਦੇ ਦਰਵਾਜ਼ੇ 'ਤੇ ਲਟਕ ਕੇ ਯਾਤਰਾ ਕਰ ਰਹੇ ਸਨ। ਇਸ ਘਟਨਾ ਦੀਆਂ ਕੁਝ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ। ਇਨ੍ਹਾਂ ਵਿੱਚ ਯਾਤਰੀਆਂ ਨੂੰ ਟ੍ਰੇਨ ਤੋਂ ਡਿੱਗਦੇ ਦੇਖਿਆ ਜਾ ਸਕਦਾ ਹੈ। ਇਨ੍ਹਾਂ ਯਾਤਰੀਆਂ ਨੂੰ ਟ੍ਰੈਕ ਤੋਂ ਚੁੱਕ ਕੇ ਪਲੇਟਫਾਰਮ 'ਤੇ ਲਿਆਂਦਾ ਗਿਆ। ਇਨ੍ਹਾਂ ਯਾਤਰੀਆਂ ਨੂੰ ਗੰਭੀਰ ਸੱਟਾਂ ਲੱਗੀਆਂ



ਅਤੇ ਉਨ੍ਹਾਂ ਦੇ ਕੱਪੜੇ ਪਾਟ ਗਏ। ਕਸਾਰਾ ਜਾ ਰਹੀ ਮੁੰਬਈ ਟ੍ਰੇਨ ਦੇ ਗਾਰਡ ਨੇ ਦੱਸਿਆ ਕਿ ਮੁੰਬਈ ਸਟੇਸ਼ਨ ਦੇ ਨੇੜੇ ਟ੍ਰੇਨ ਤੋਂ ਪੰਜ ਯਾਤਰੀ ਡਿੱਗ ਪਏ। ਮ੍ਰਿਤਕਾਂ ਦੀ ਪਛਾਣ ਕੀਤੀ ਜਾ ਰਹੀ ਹੈ। ਸਾਰੇ ਮ੍ਰਿਤਕ 30 ਤੋਂ 35 ਸਾਲ ਦੇ ਵਿਚਕਾਰ ਹਨ। ਇਸ ਹਾਦਸੇ ਤੋਂ ਤੁਰੰਤ ਬਾਅਦ, ਰੇਲਵੇ ਬੋਰਡ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਅਤੇ ਯਾਤਰੀਆਂ ਦੀ ਸੁਰੱਖਿਆ ਲਈ ਸਖ਼ਤ ਕਦਮ ਚੁੱਕੇ। ਰੇਲਵੇ ਬੋਰਡ ਵੱਲੋਂ ਜਾਰੀ ਹਦਾਇਤਾਂ ਅਨੁਸਾਰ, ਹੁਣ ਤੋਂ, ਮੁੰਬਈ ਉਪਨਗਰੀਏ ਖੇਤਰ ਵਿੱਚ ਨਿਰਮਾਣ ਅਧੀਨ ਸਾਰੇ ਰੇਲਵੇ ਸਟੇਸ਼ਨਾਂ ਵਿੱਚ ਆਟੋਮੈਟਿਕ ਦਰਵਾਜ਼ੇ ਬੰਦ ਕਰਨ ਦੀ ਸਹੂਲਤ ਲਾਜ਼ਮੀ ਤੌਰ 'ਤੇ ਸ਼ਾਮਲ ਕੀਤੀ ਜਾਵੇਗੀ। ਇਸਦਾ ਮਕਸਦ ਇਹ ਹੈ ਕਿ ਚੱਲਦੀ ਰੇਲਗੱਡੀ ਵਿੱਚ ਦਰਵਾਜ਼ੇ ਖੁੱਲ੍ਹੇ ਨਾ ਰਹਿਣ ਅਤੇ ਕੋਈ ਵੀ ਯਾਤਰੀ ਲਟਕ ਕੇ ਯਾਤਰਾ ਨਾ ਕਰੇ।

# ਆਯੂਸ਼ਮਾਨ ਅਰੋਗਿਆ ਕੇਂਦਰ ਬੱਗਾ ਵਿਖੇ ਗਰਭਵਤੀ ਔਰਤਾਂ ਨੂੰ ਦਿੱਤੀ ਜਾਣਕਾਰੀ



**ਚੌਕ ਮਹਿਤਾ, 9 ਜੂਨ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਿਵਲ ਸਰਜਨ ਅੰਮ੍ਰਿਤਸਰ ਡਾ.ਕਿਰਨਦੀਪ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫਸਰ ਡਾ.ਮੋਨਾ ਚਤਰਥ ਤਰਸਿੱਕਾ ਦੀ ਅਗਵਾਈ ਹੇਠ ਆਯੂਸ਼ਮਾਨ ਅਰੋਗਿਆ ਕੇਂਦਰ ਬੱਗਾ ਵਿਖੇ ਗਰਭਵਤੀ ਔਰਤਾਂ ਨੂੰ ਜਾਣਕਾਰੀ ਦਿੱਤੀ ਗਈ, ਅਤੇ ਗਰਭਵਤੀ ਔਰਤਾਂ ਦੇ ਚੈੱਕਅਪ ਕੀਤੇ ਗਏ, ਅਤੇ ਹਾਈ ਰਿਸਕ ਗਰਭਵਤੀ ਔਰਤਾਂ ਨੂੰ ਲੋੜ ਅਨੁਸਾਰ ਹਾਇਰ ਸੈਂਟਰ ਤੇ ਰੈਫਰ ਕੀਤਾ ਗਿਆ। ਇਸ ਮੌਕੇ ਗਰਭਵਤੀ ਔਰਤਾਂ ਨੂੰ ਰਿਫਰੈਸ਼ਮੈਂਟ ਦੇ ਤੌਰ ਤੇ ਮੌਸਮੀ ਫਲ ਦਿੱਤੇ ਗਏ। ਇਸ ਤੋਂ ਇਲਾਵਾ ਸਰਕਾਰੀ ਹਸਪਤਾਲ ਵਿਚ ਹੀ ਜਣੇਪਾ ਕਟਵਾਉਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਅਮਨਪ੍ਰੀਤ ਕੌਰ ਸੀ.ਐਚ.ਓ,ਉਪਜੀਤ ਕੌਰ ਏ.,ਐਨਮ, ਸੁਖਚੈਨ ਸਿੰਘ ਹੈਲਥ ਵਰਕਰ (ਮੇਲ) ਰਜਿੰਦਰ ਕੌਰ ਆਸਾ ਵਰਕਰ ਅਤੇ ਗਰਭਵਤੀ ਔਰਤਾਂ ਆਦਿ ਹਾਜ਼ਰ ਸਨ।

# ਸਿੱਖਾਂ ਦੀ ਅਜ਼ਾਦੀ ਦੀ ਰੀਝ ਨੂੰ ਕੋਈ ਨਹੀਂ ਮਾਰ ਸਕਦਾ : ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ




**ਅੰਮ੍ਰਿਤਸਰ , 9 ਜੂਨ (ਆਵਾਜ਼ਿ ਕੌਮ ਬਿਊਰੋ)**-ਜੂਨ 1984 ਦੇ ਘੱਲੂਘਾਰੇ ਦੀ 41ਵੇਂ ਵਰ੍ਹੇਗੰਢ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਮਾਗਮ 'ਚ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ, ਭਾਈ ਅਮਰੀਕ ਸਿੰਘ, ਬਾਬਾ ਠਾਹਰਾ ਸਿੰਘ, ਜਨਰਲ ਸ਼ਬੇਗ ਸਿੰਘ ਅਤੇ ਹੋਰ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਪਹੁੰਚੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਅਤੇ ਭਾਈ ਅੰਗਦ ਸਿੰਘ ਖ਼ਾਲਸਾ ਨੇ ਕਿਹਾ ਕਿ ਕੌਮ ਦਾ ਰਾਜਸੀ ਨਿਸ਼ਾਨਾ 'ਖ਼ਾਲਿਸਤਾਨ' ਮਿੱਥਿਆ ਜਾ ਚੁੱਕਾ ਹੈ ਜੋ ਸਾਡੇ ਧਾਰਮਿਕ ਸਿਧਾਂਤਾਂ ਨਾਲ ਜੁੜਿਆ ਹੈ। ਕੌਮ ਦੇ ਨਿਸ਼ਾਨੇ ਨੂੰ ਬਦਲਣਾ ਜਾਂ ਉਸ ਦਾ ਵਿਰੋਧ ਕਰਨਾ ਗੁਰੂ ਨੂੰ ਬੇਦਾਵਾ ਦੇਣ ਦੇ ਸਮਾਨ ਹੈ, ਕੌਮ ਦੇ ਨਾਲ਼ ਸਾਡੀ ਵਚਨਬੱਧਤਾ ਹੈ ਕਿ ਅਸੀਂ ਖ਼ਾਲਿਸਤਾਨ ਦੀ ਅਜ਼ਾਦੀ ਲਈ ਮਰਦੇ ਦਮ ਤਕ ਸੰਘਰਸ਼ ਕਰਦੇ ਰਹਾਂਗੇ। ਜਾਗਦੀ ਜ਼ਮੀਰ ਵਾਲ਼ੇ ਸਿੱਖਾਂ ਨੇ ਉਸ ਭਾਰਤੀ ਸਟੇਟ ਨੂੰ ਹਮੇਸ਼ਾਂ ਲਈ ਰੱਦ ਕਰ ਦਿੱਤਾ ਹੈ, ਜਿਸ ਨੇ ਸਾਡਾ ਸਰਵਉੱਚ ਸ੍ਰੀ ਅਕਾਲ ਤਖ਼ਤ ਸਾਹਿਬ ਢਾਹਿਆ ਤੇ ਸਾਡੀ ਬਰਬਾਦੀ 'ਤੇ ਲੱਡੂ ਵੰਡੇ ਤੇ ਭੰਗੜੇ ਪਾ ਕੇ ਖੁਸ਼ੀਆਂ ਮਨਾਈਆਂ ਸਨ। ਹੁਣ ਪੰਜਾਬ ਦੀ ਰਾਜਨੀਤੀ 'ਚ ਚਾਹੇ ਕਿੰਨੀਆਂ ਵੀ ਤਬਦੀਲੀਆਂ ਆ ਜਾਣ, ਪਰ ਸਾਨੂੰ ਓਨਾ ਚਿਰ ਤਕ ਰੱਜ ਨਹੀਂ ਆਉਣਾ ਜਿੰਨਾ ਚਿਰ ਤਕ ਇਸ ਧਰਤੀ 'ਤੇ ਖ਼ਾਲਸਾ ਰਾਜ (ਖ਼ਾਲਿਸਤਾਨ) ਕਾਇਮ ਨਹੀਂ ਹੋ ਜਾਂਦਾ। ਸਿੱਖਾਂ ਦੀ ਅਜ਼ਾਦੀ ਦੀ ਰੀਝ ਨੂੰ ਕੋਈ ਨਹੀਂ ਮਾਰ ਸਕਦਾ। ਅਸੀਂ ਆਪਣੇ ਆਖ਼ਰੀ ਸਾਹਾਂ ਤਕ ਸਿੱਖੀ ਸਿਧਾਂਤਾਂ ਦੀ ਪਹਿਰੇਦਾਰੀ, ਸਿੱਖਾਂ ਦੀ ਨਿਆਰੀ ਹੋਂਦ-ਹਸਤੀ ਦੀ ਰਾਖੀ, ਸਿੱਖੀ ਸਵੈਮਾਣ, ਚੜ੍ਹਦੀ ਕਲਾ ਅਤੇ ਪ੍ਰਭੂਸੱਤਾ ਸੰਪੰਨ ਅਜ਼ਾਦ ਸਿੱਖ ਰਾਜ ਖ਼ਾਲਿਸਤਾਨ ਦੀ ਪ੍ਰਾਪਤੀ ਲਈ ਸੰਘਰਸ਼ ਕਰਦੇ ਰਹਾਂਗੇ। ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਪੂਰੀ ਦੁਨੀਆਂ 'ਚ ਫੈਲੇਗੀ ਤਾਂ ਸਾਰਾ ਸੰਸਾਰ ਸੁਖੀ ਵਸੇਗਾ। ਆਖ਼ਰ ਦਸਮੇਸ਼ ਪਿਤਾ ਦਾ ਖ਼ਾਲਸਾ ਹੀ ਸਮੇਂ ਦੀਆਂ ਹਕੂਮਤਾਂ ਵੱਲੋਂ ਸਤਾਏ ਨਿਮਾਣਿਆਂ, ਨਿਤਾਣਿਆਂ ਤੇ ਲਤਾੜੇ ਹੋਏ ਲੋਕਾਂ ਦਾ ਸਹਾਰਾ ਬਣੇਗਾ। ਇਸ ਮੌਕੇ ਜਨਰਲ ਸਕੱਤਰ ਭਾਈ ਗਗਨਦੀਪ ਸਿੰਘ ਸੁਲਤਾਨਵਿੰਡ, ਜਥੇਬੰਧਕ ਸਕੱਤਰ ਭਾਈ ਮਨਪ੍ਰੀਤ ਸਿੰਘ ਮੰਨਾ, ਭਾਈ ਸੁਖਵਿੰਦਰ ਸਿੰਘ ਨਿਜ਼ਾਮਪੁਰ, ਭਾਈ ਹਰਪ੍ਰੀਤ ਸਿੰਘ ਬੰਟੀ, ਬੀਬੀ ਕੁਲਵਿੰਦਰ ਕੌਰ ਤੁਗਲਵਾਲਾ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243